Rs.10/-

Excellence in Agri Info

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)


# ਖੇਤੀ ਦੁਨੀਆਂ

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/PUNPUN00806 • Issue Dated 19-10-2024 • Vol.42 No.42 • Ph. : 0175-2214575, 90410-14575 • Page : 16 | E-mail : khetiduniyan1983@gmail.com



# ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਖੇਤੀ ਮਸ਼ੀਨਰੀ



**ਅਰਸ਼ਦੀਪ ਸਿੰਘ, ਅਪੂਰਵ ਪ੍ਰਕਾਸ਼ ਅਤੇ ਅਨੂਪ ਦੀਕਸ਼ਿਤ,**
**ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਰਿੰਗ ਵਿਭਾਗ,**
**ਪੀ. ਏ. ਯੂ., ਲੁਧਿਆਣਾ** (ਮੋ. 97799-41983)

ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਪੀ. ਏ. ਯੂ. ਲੁਧਿਆਣਾ ਵੱਲੋਂ ਕਈ ਖੇਤੀ ਮਸ਼ੀਨਰੀ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ ਜਿਹਨਾਂ ਨਾਲ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਹੀ ਜਾਂ ਖੇਤ ਤੋਂ ਬਾਹਰ ਕੱਢ ਕੇ ਸੰਭਾਲਿਆ ਜਾ ਸਕਦਾ ਹੈ। ਝੋਨੇ ਦੀ ਪਰਾਲੀ ਨੂੰ ਖੇਤ ਦੀ ਸਤਰ ਤੇ ਮਲਚ ਦੀ ਤਰ੍ਹਾਂ ਰੱਖ ਜਾਂ ਮਿੱਟੀ ਵਿਚ ਮਿਲਾ ਕੇ ਇਸ ਦੀ ਸੰਭਾਲ ਕੀਤੀ ਜਾ ਸਕਦੀ ਹੈ। ਪਰਾਲੀ ਨੂੰ ਖੇਤ ਵਿਚ ਸੰਭਾਲਣ ਨਾਲ ਪਰਾਲੀ ਵਿਚਲੇ ਖੁਰਾਕੀ ਤੱਤ ਜਿਵੇਂ ਨਾਈਟਰੋਜਨ, ਫਾਸਫੋਰਸ, ਪੋਟਾਸ਼ ਗੰਧਕ ਅਤੇ ਜੈਵਿਕ ਕਾਰਬਨ ਮਿੱਟੀ ਨੂੰ ਮਿਲਦੇ ਹਨ ਜਿਸ ਨਾਲ ਮਿੱਟੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ ਅਤੇ ਲਗਾਤਾਰ ਪਰਾਲੀ ਨੂੰ ਖੇਤ ਵਿਚ ਮਿਲਾਉਣ ਨਾਲ ਝਾੜ ਵਿਚ ਵੀ ਵਾਧਾ ਹੁੰਦਾ ਹੈ। ਖੇਤ ਵਿਚ ਪਰਾਲੀ ਦੀ ਵਰਤੋਂ ਲਈ ਹੇਠ ਲਿਖੀ ਮਸ਼ੀਨਰੀ ਅਪਨਾਓ :-

**(ੳ) ਝੋਨੇ ਦੀ ਪਰਾਲੀ ਨੂੰ ਖੇਤ ਵਿਚ ਸਤਰ ਤੇ ਮਲਚ ਦੀ ਤਰ੍ਹਾਂ ਰੱਖ ਤੇ ਕਣਕ ਦੀ ਬਿਜਾਈ ਲਈ ਮਸ਼ੀਨਰੀ :**

(1) **ਪੀ. ਏ. ਯੂ. ਸੁਪਰ ਐੱਸ ਐਮ ਐੱਸ** : ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਇਕਸਾਰ ਖਿਲਾਰਨ ਲਈ "ਸੁਪਰ ਐੱਸ. ਐਮ ਐੱਸ" ਪਰਾਲੀ ਸਾਂਭਣ ਵਾਲਾ ਯੰਤਰ ਵਿਕਸਿਤ ਅਤੇ ਸਿਫਾਰਸ਼ ਕੀਤਾ ਗਿਆ ਹੈ। ਇਹ ਯੰਤਰ ਸਵੈ-ਚਲਤ ਕੰਬਾਇਨ ਦੇ ਪਿੱਛੇ ਫਿੱਟ ਹੁੰਦਾ ਹੈ ਅਤੇ ਵਾਕਰਾਂ ਵਿਚ ਹੇਠਾਂ ਡਿੱਗਣ ਵਾਲੀ ਪਰਾਲੀ ਦਾ ਇਕਸਾਰ ਕੁਤਰਾ ਕਰਕੇ ਖੇਤ ਵਿੱਚ ਖਿਲਾਰਦਾ ਹੈ। ਸੁਪਰ ਐੱਸ ਐਮ ਐੱਸ ਦੀ ਵਰਤੋਂ ਉਪਰੰਤ ਕਣਕ ਬਿਜਾਈ ਵਾਲੀਆਂ ਮਸ਼ੀਨਾਂ ਜਿਵੇਂ ਹੈਪੀਸੀਡਰ, ਸਮਾਰਟ ਸੀਡਰ, ਸੁਪਰ ਸੀਡਰ ਦੀ ਸਮਰੱਥਾ ਵਿਚ ਵਾਧਾ ਹੁੰਦਾ ਹੈ ਅਤੇ ਡੀਜ਼ਲ ਦੀ ਖਪਤ ਘੱਟ ਹੁੰਦੀ ਹੈ।




**ਸੁਪਰ ਐੱਸ ਐਮ ਐੱਸ ਯੰਤਰ ਨੂੰ ਕੰਬਾਈਨ ਤੇ ਫਿੱਟ ਕਰਨ ਦੌਰਾਨ ਧਿਆਨ ਰੱਖਣ ਯੋਗ ਨੁਕਤੇ :**

★ ਸੁਪਰ ਐੱਸ ਐਮ ਐੱਸ ਦੇ ਰੋਟਰ ਉਪਰ ਜੜ੍ਹੇ ਘੁੰਮਣ ਵਾਲੇ ਫਲੈਲ ਬਲੇਫ ਘਸੇਹੋਣ ਤਾਂ ਬਦਲੋ।

★ ਸੁਪਰ ਐੱਸ ਐਮ ਐੱਸ ਦੇ ਰੋਟਰ ਨੂੰ ਡਾਇਨਿਮਿਕ ਬੈਲੈਂਸ/ਸੰਤੁਲਿਤ ਕਰਨ ਬਹੁਤ ਜ਼ਰੂਰੀ ਹੈ ਕਿਉਂਕਿ ਇਹ 1600 ਤੋਂ 1800 ਚੱਕਰ ਤੇ ਘੁੰਮਦਾ ਹੈ।

★ ਐੱਸ ਐਮ ਐੱਸ ਯੂਨਿਟ ਨੂੰ ਕੰਬਣ ਘਟਾਉਣ ਵਾਸਤੇ ਇਸ ਨੂੰ ਕੰਬਾਇਨ ਦੀ ਚੈਸੀ ਤੋਂ ਲਗਾਉਣਾ ਚਾਹੀਦਾ ਹੈ।

★ ਵੀ-ਬੈਲਟ ਦੀ ਸਲਿੱਪ ਪ੍ਰਵਾਨਯੋਗ ਹੱਦ ਵਿਚ ਹੋਣੀ ਚਾਹੀਦੀ ਹੈ।

2) **ਹੈਪੀ ਸੀਡਰ ਨਾਲ ਬਿਨਾਂ ਵਹਾਈ ਕਣਕ ਦੀ ਬਿਜਾਈ** : ਝੋਨੇ ਦੇ ਵੱਢ ਵਿੱਚ ਪਰਾਲੀ ਨੂੰ ਖੇਤ ਵਿੱਚੋਂ ਕੱਢੇ ਬਿਨ੍ਹਾਂ ਕਣਕ ਦੀ ਸਿੱਧੀ ਬਿਜਾਈ ਲਈ ਪੀ.ਏ.ਯੂ., ਲੁਧਿਆਣਾ ਵੱਲੋਂ ਹੈਪੀ ਸੀਡਰ ਨਾਂਅ ਦੀ ਮਸ਼ੀਨ ਵਿਕਸਿਤ ਕੀਤੀ ਗਈ ਹੈ। ਇਸ ਮਸ਼ੀਨ ਵਿੱਚ ਫਲੇਲ ਕਿਸਮ ਦੇ ਬਲੇਡ ਲੱਗੇ ਹੋਏ ਹਨ ਜੋ ਕਿ ਡਰਿਲ ਦੇ ਬਿਜਾਈ ਕਰਨ ਵਾਲੇ ਫਾਲੇ ਦੇ ਸਾਹਮਣੇ ਆਉਣ ਵਾਲੀ ਪਰਾਲੀ ਨੂੰ ਕੱਟਦੇ ਹਨ ਅਤੇ ਪਿੱਛੇ ਵੱਲ ਧੱਕਦੇ ਹਨ। ਮਸ਼ੀਨ ਦੇ ਫਾਲਿਆਂ ਵਿੱਚ ਪਰਾਲੀ ਨਹੀਂ ਫੱਸਦੀ ਅਤੇ ਸਾਫ ਕੀਤੀ ਕੱਟੀ ਹੋਈ ਜਗ੍ਹਾ ਉਪਰ ਬੀਜ ਸਹੀ ਤਰੀਕੇ ਨਾਲ ਕੇਰਿਆ ਜਾ ਸਕਦਾ ਹੈ। ਇਹ ਪਰਾਲ ਬੀਜੇ ਹੋਏ ਰਕਬੇ ਉੱਪਰ ਮਲਚ ਦਾ ਕੰਮ ਕਰਦਾ ਹੈ। ਇਹ ਮਸ਼ੀਨ ਨਾਲ ਇਕ ਦਿਨ ਵਿੱਚ 6-8 ਏਕੜ ਰਕਬੇ ਵਿੱਚ ਬਿਜਾਈ ਹੋ ਜਾਂਦੀ ਹੈ। ਹੈਪੀ ਸੀਡਰ ਨਾਲ ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਇਕਸਾਰ ਖਿਲਾਰਨਾ ਬਹੁਤ ਜ਼ਰੂਰੀ ਹੈ।

(3) **ਪੀ. ਏ. ਯੂ. ਸਮਾਰਟ ਸੀਡਰ** : ਇਹ ਨਵੀਂ ਮਸ਼ੀਨ ਨਾਲ ਝੋਨੇ ਦੀ ਕੰਬਾਈਨ (ਸੁਪਰ ਐੱਸ ਐਮ ਐੱਸ ਵਾਲੀ) ਕਟਾਈ ਉਪਰੰਤ ਪਰਾਲੀ ਨੂੰ ਬਿਨਾਂ ਸਾੜੇ ਜਾਂ ਚੁੱਕੇ ਕਣਕ ਦੀ ਸਿੱਧੀ ਬਿਜਾਈ ਹੁੰਦੀ ਹੈ। ਇਸ ਮਸ਼ੀਨ ਘੱਟ ਵਹਾਈ ਦੇ ਸਿਧਾਂਤ ਤੇ ਕੰਮ ਕਰਦੀ ਹੈ। ਇਸ ਮਸ਼ੀਨ 'ਚ ਲੱਗਿਆ ਰੋਟਰ ਤਕਰੀਬਨ 30 ਫੀਸਦੀ ਵਹਾਈ ਕਰਦਾ ਹੈ ਜਿਸ ਥਾਂ ਤੇ ਬੀਜ ਤੇ ਖਾਦ ਪੈਂਦੀ ਹੈ। ਬਾਕੀ ਕਤਾਰਾਂ ਵਿਚਲੀ ਥਾਂ ਪਰਾਲੀ ਨਾਲ ਢਕੀ ਰਹਿੰਦੀ ਹੈ ਜੋ ਕਿ ਮਲਚ ਦੇ ਰੂਪ ਚ ਖੇਤ 'ਚ ਪਈ ਰਹਿੰਦੀ ਹੈ। ਇਸ ਮਸ਼ੀਨ ਨੂੰ 45 ਜਾਂ ਵੱਧ ਹਾਰਸ ਪਾਵਰ ਟਰੈਕਟਰ ਨਾਲ ਚਲਾਇਆ ਜਾ ਸਕਦਾ ਹੈ। ਇਸ ਨਾਲ 1.0 ਘੰਟੇ 'ਚ ਏਕੜ ਦੀ ਬਿਜਾਈ ਹੋ ਜਾਂਦੀ ਹੈ ਅਤੇ ਡੀਜ਼ਲ ਦੀ ਖਪਤ 5.0-5.5 ਲੀਟਰ ਪ੍ਰਤੀ ਘੰਟਾ ਹੈ।

(4) **ਪੀ. ਏ. ਯੂ. ਸਰਫੇਸ ਸੀਡਰ** : ਪੀ. ਏ. ਯੂ. ਸਰਫੇਸ ਸੀਡਰ ਇਹ ਸਟਰਾਅ ਕਟਰ ਕਮ ਸਪਰੈਡਰ ਅਤੇ ਬੀਜ ਖਾਦ ਬਕਸੇ ਦਾ ਸੁਮੇਲ ਹੈ। ਇਸ ਮਸ਼ੀਨ ਨੂੰ 40 ਜਾਂ ਇਸ ਤੋਂ ਵੱਧ ਹਾਰਸ ਪਾਵਰ ਵਾਲੇ ਟਰੈਕਟਰ ਨਾਲ ਚਲਾਇਆ ਜਾ ਸਕਦਾ ਹੈ। ਇਹ ਇਕ ਘੱਟ ਖਰਚੇ ਵਾਲੀ ਮਸ਼ੀਨ ਹੈ ਜਿਸ ਨਾਲ ਬੀਜ ਇਕਸਾਰ ਖਿੱਲਰ ਜਾਂਦਾ ਹੈ ਅਤੇ ਖਾਦ ਵੀ ਪੈ ਜਾਂਦੀ ਹੈ ਅਤੇ ਨਾਲ ਹੀ ਪਰਾਲੀ ਕੱਟ ਕੇ ਖੇਤ ਵਿਚ ਇਕਸਾਰ ਖਿੱਲਰ ਵੀ ਜਾਂਦੀ ਹੈ। ਬਿਜਾਈ ਉਪਰੰਤ ਕਣਕ ਦੇ ਜੰਮਣ ਲਈ ਖੇਤ ਨੂੰ ਪਾਣੀ ਲਾਉਣਾ ਪੈਂਦਾ ਹੈ।

(5) **ਟਰੈਕਟਰ ਨਾਲ ਚੱਲਣ ਵਾਲੀ ਪਰਾਲੀ ਸ਼ਰੈਡਰ-ਕਮ-ਮਲਚਰ ਮਸ਼ੀਨ** : ਸਬਜ਼ੀਆਂ ਦੀ ਕਾਸ਼ਤ ਵਿਚ ਪਰਾਲੀ ਦੀ ਮਲਚਿੰਗ ਲਈ ਕੁਤਰਾ ਕੀਤੀ ਪਰਾਲੀ ਨੂੰ ਹੱਥੀਂ ਖਿਲਾਰਨ ਲਈ ਬਹੁਤ ਲੇਬਰ ਲੱਗਦੀ ਹੈ।ਇਸ ਟਰੈਕਟਰ ਨਾਲ ਚੱਲਣ ਵਾਲੀ ਪਰਾਲੀ ਸ਼ਰੈਡਰ-ਕਮ-ਮਲਚਰ ਦੀ ਇਸ ਨੂੰ ਇਕਸਾਰ ਖਿਲਾਰਨ ਲਈ ਕੀਤੀ ਜਾ ਸਕਦੀ ਹੈ। ਇਹ ਮਸ਼ੀਨ 38 ਹਾਰਸ ਪਾਵਰ ਦੇ ਟਰੈਕਟਰ ਨਾਲ ਚਲਦੀ ਹੈ। ਇਸ ਦੀ ਵਰਤੋਂ 1.0 ਮੀਟਰ ਚੌੜੇ ਬੈੱਡ ਉੱਤੇ ਲਸਣ ਵਿਚ ਪਰਾਲੀ ਦੀ ਮਲਚ ਕਰਨ ਨਾਲ ਝਾੜ ਵਿਚ 9-10% ਦਾ ਵਾਧਾ ਹੁੰਦਾ ਹੈ।

**(ਅ) ਝੋਨੇ ਦੀ ਪਰਾਲੀ ਨੂੰ ਮਿੱਟੀ ਵਿਚ ਮਿਲਾ ਕੇ ਬਿਜਾਈ ਲਈ ਮਸ਼ੀਨਰੀ :**

(1) **ਸੁਪਰ ਸੀਡਰ** : ਇਹ ਮਸ਼ੀਨ ਇਕ ਰੋਟੋ ਸੀਡਰ ਅਤੇ ਡਿਸਕ ਕਿਸਮ ਦੀ ਬਿਜਾਈ ਦਾ ਸੁਮੇਲ ਹੈ। ਸੁਪਰ ਸੀਡਰ ਵਿੱਚ ਇਕ ਰੋਟਰ ਜਿਸ ਦੇ ਇੱਕ ਫਲੈਂਜ ਤੇ ਰੋਟਾਵੇਟਰ ਵਰਗੇ ਬਲੇਡ ਲੱਗੇ ਹੁੰਦੇ ਹਨ, ਪਰਾਲੀ ਨੂੰ ਜ਼ਮੀਨ ਵਿਚ ਮਿਲਾਉਂਦੇ ਹਨ। ਇਹਨਾਂ ਬਲੇਡਾਂ ਦਾ ਆਕਾਰ "ਸੀ-ਜੇ" ਕਿਸਮ ਦਾ ਹੁੰਦਾ ਹੈ। ਇਸ ਰੋਟਰ ਦੇ ਪਿੱਛੇ ਡਿਸਕਾਂ ਵਾਲਾ ਬਿਜਾਈ ਦਾ ਸਿਸਟਮ ਕਤਾਰਾਂ ਵਿਚ ਕਣਕ ਦੀ ਬਿਜਾਈ ਕਰਦਾ ਹੈ।



ਰੋਟਰ ਨੂੰ ਪਾਵਰ ਪੀ. ਟੀ. ਓ. ਸ਼ਾਫਟ ਤੋਂ ਗੀਅਰ ਬਾਕਸ ਰਾਹੀਂ ਮਿਲਦੀ ਹੈ। ਬੀਜ ਅਤੇ ਖਾਦ ਡਿਸਕਾਂ ਦੇ ਪਿੱਛੇ ਲੱਗੇ ਫਾਲੇ ਵਿਚ ਡਿੱਗਦੇ ਹਨ। ਫਾਲੇ ਦੇ ਅੱਗੇ ਲੱਗੀ ਡਿਸਕ ਘੁੰਮਦੀ ਹੈ ਅਤੇ ਮਿੱਟੀ ਵਿਚ ਬੀਜ ਅਤੇ ਖਾਦ ਲਈ ਆੜ ਬਣਾਉਂਦੀ ਹੈ। ਇਹ ਮਸ਼ੀਨ 55 ਹਾਰਸ ਪਾਵਰ ਜਾਂ ਵੱਧ ਟਰੈਕਟਰ ਨਾਲ ਚੱਲਦੀ ਹੈ ਅਤੇ ਇਕ ਏਕੜ ਤਕਰੀਬਨ 1.30 ਤੋਂ 1.45 ਘੰਟੇ ਵਿੱਚ ਬੀਜਦੀ ਹੈ।

(2) **ਚੌਪਰ/ਮਲਚਰ ਨਾਲ ਪਰਾਲੀ ਦਾ ਕੁਤਰਾ ਕਰਕੇ ਖੇਤ ਵਿੱਚ ਮਿਲਾਉਣਾ** : ਇਹ ਮਸ਼ੀਨ ਝੋਨੇ ਦੀ ਪਰਾਲੀ ਦਾ ਬਾਰੀਕ ਕੁਤਰਾ ਕਰਕੇ ਖੇਤ ਵਿੱਚ ਖਿਲਾਰ ਦਿੰਦੀ ਹੈ। ਇਸ ਨੂੰ ਚਲਾਉਣ ਲਈ 45-50 ਪਾਵਰ ਦੇ ਟਰੈਕਟਰ ਦੀ ਲੋੜ ਪੈਂਦੀ ਹੈ। ਇਹ ਮਸ਼ੀਨ ਇੱਕ ਦਿਨ ਵਿੱਚ 6-8 ਏਕੜ ਪਰਾਲੀ ਦਾ ਕੁਤਰਾ ਕਰ ਸਕਦੀ ਹੈ। ਚੌਪਰ ਮਗਰ ਕੁਤਰਾ ਕਿੱਟ ਗਏ ਖੇਤ ਵਿੱਚ ਪਾਣੀ ਲਾ ਕੇ ਰੋਟਰੀ ਪਦਲਰ (ਰੋਟਾਵੇਟਰ) ਦੀ ਮਦਦ ਨਾਲ ਪਰਾਲੀ ਨੂੰ ਖੇਤ ਵਿੱਚ ਰਲਾਇਆ ਜਾ ਸਕਦਾ ਹੈ। ਪਰਾਲੀ ਦਾ ਬਾਰੀਕ ਕੁਤਰਾ ਹੋਣ ਕਰਕੇ ਇਹ ਖੇਤ ਵਿੱਚ ਆਸਾਨੀ ਨਾਲ ਗਲ ਜਾਂਦੀ ਹੈ। ਜ਼ਮੀਨ ਦੀ ਮਿੱਟੀ ਦੀ ਕਿਸਮ ਦੇ ਹਿਸਾਬ ਨਾਲ ਖੇਤ ਵਿਚ ਵੱਤਰ ਆਉਣ ਲਈ ਤਕਰੀਬਨ ਦੋ ਤੋਂ ਤਿੰਨ ਹਫਤੇ ਲੱਗਦੇ ਹਨ। ਵੱਤਰ ਆਉਣ ਤੋਂ ਬਾਅਦ ਖੇਤ ਵਿੱਚ ਬਗੈਰ ਵਹਾਈ ਜਾਂ ਰਿਵਾਇਤੀ ਡਰਿੱਲ ਨਾਲ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਕੁਤਰੀ ਹੋਈ ਪਰਾਲੀ ਹਲਾਂ ਨਾਲ ਵੀ ਖੇਤ ਵਿਚ ਮਿਲਾਇਆ ਜਾ ਸਕਦਾ ਹੈ। ਇਹ ਹੱਲ ਦੋ ਕਿਸਮ ਦੇ ਹੁੰਦੇ ਹਨ : ਫਿਕਸ ਅਤੇ ਰਿਵਰਸੀਬਲ। ਫਿਕਸ ਕਿਸਮ ਦਾ ਹੱਲ ਮਿੱਟੀ ਨੂੰ ਇੱਕ ਪਾਸੇ ਪਲਟਦਾ ਹੈ। ਰਿਵਰਸੀਬਲ ਕਿਸਮ ਦੇ ਹਲ ਨਾਲ ਖੇਤ ਦੀ ਪੱਟੀ ਦੇ ਅਖੀਰ ਤੇ ਹਲ ਦਾ ਪਾਸਾ ਬਦਲ ਲਿਆ ਜਾਂਦਾ ਹੈ ਅਤੇ ਉਸੇ ਖਾਲੀ ਵਿੱਚ ਚੱਲਦੇ ਹੋਏ ਮਿੱਟੀ ਨੂੰ ਖੱਬੇ ਪਾਸੇ ਸੁੱਟਦੇ ਹਨ। ਇਸ ਨਾਲ ਖੇਤ ਵਿੱਚ ਕੋਈ ਖਾਲੀ ਨਹੀਂ ਬਣਦੀ ਅਤੇ ਨਾ ਹੀ ਪੱਧਰ ਖਰਾਬ ਹੁੰਦੇ ਹਨ।

**(ਅ) ਪਰਾਲੀ ਨੂੰ ਖੇਤ ਵਿੱਚੋਂ ਬਾਹਰ ਕੱਢ ਕੇ ਵਰਤੋਂ :**

(1) **ਬੇਲਰ** : ਪਰਾਲੀ ਨੂੰ ਖੇਤ ਵਿਚ ਇਕੱਠਾ ਕਰਨ ਲਈ ਬੇਲਰ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਮਸ਼ੀਨ ਖੇਤ ਵਿੱਚ ਖਿਲਰੀ ਪਰਾਲੀ ਨੂੰ ਇਕੱਠਾ ਕਰਕੇ ਆਇਤਾਕਾਰ ਗੰਢਾਂ ਬਣਾ ਦਿੰਦੀ ਹੈ। ਇਨ੍ਹਾਂ ਆਇਤਾਕਾਰ ਗੰਢਾਂ ਨੂੰ ਖੇਤ ਵਿੱਚ ਬੜੀ ਆਸਾਨੀ ਨਾਲ ਇਕੱਠਾ ਕੀਤਾ ਜਾ ਸਕਦਾ ਹੈ। ਪਰਾਲੀ ਦੀਆਂ ਇਹ ਗੰਢਾਂ ਬਾਲਣ ਲਈ ਗੋਲੇ ਬਣਾਉਣ ਵਾਸਤੇ, ਗੱਤਾ ਬਣਾਉਣ ਲਈ, ਕੰਪੋਸਟ ਤਿਆਰ ਕਰਨ, ਪਰਾਲੀਚਾਰ ਬਣਾਉਣ ਲਈ, ਬਿਜਲੀ ਪੈਦਾ ਕਰਨ ਲਈ, ਵਰਤੀਆਂ ਜਾ ਸਕਦੀਆਂ ਹਨ। ਇਹ ਮਸ਼ੀਨ ਕੇਵਲ ਕੱਟੇ ਹੋਏ ਪਰਾਲ (ਕੰਬਾਈਨ ਦੇ ਪਿਛੇ ਸੁਟਿਆ ਹੋਇਆ) ਹੀ ਇਕੱਠਾ ਕਰਦੀ ਹੈ। ਇਸ ਲਈ ਜੇਕਰ ਸਾਰਾ ਪਰਾਲ (ਕੰਬਾਈਨ ਦੁਆਰਾ ਸੁਟਿਆ ਅਤੇ ਖੜੇ ਕਰਚੇ) ਖੇਤ ਵਿੱਚੋਂ ਇਕੱਠਾ ਕਰਕੇ ਬਾਹਰ ਕੱਢਣੇ ਹੋਣ ਤਾਂ ਇਸ ਮਸ਼ੀਨ ਨੂੰ ਚਲਾਉਣ ਤੋਂ ਪਹਿਲਾਂ ਖੇਤ ਵਿੱਚ ਪਰਾਲੀ ਦੇ ਖੜੇ ਕਰਚਿਆਂ ਨੂੰ ਸਟੱਬ ਸੇਵਰ ਨਾਲ ਕੱਟ ਲੈਣਾ ਚਾਹੀਦਾ ਹੈ। ਬੇਲਰ ਮਸ਼ੀਨ ਦੀਆਂ ਗੰਢਾਂ ਬੇਲਰ ਦੀ ਕਿਸਮ ਅਨੁਸਾਰ ਗੋਲ ਜਾਂ ਆਇਤਕਾਰ ਅਤੇ ਗੰਢ ਦਾ ਭਾਰ 15-500 ਕਿਲੋ ਹੁੰਦਾ ਹੈ।

(2) **ਰੇਕ** : ਇਸ ਮਸ਼ੀਨ ਨਾਲ ਖੇਤ ਵਿੱਚ ਕੱਟੀ ਅਤੇ ਖਿੱਲਰੀ ਪਰਾਲੀ ਦੀਆਂ ਖੇਤ ਵਿੱਚ ਕਤਾਰਾਂ ਬਣਾ ਲਈਆਂ ਜਾਂਦੀਆਂ ਹਨ। ਖਿੱਲਰੀ ਹੋਈ ਪਰਾਲੀ ਦੀਆਂ ਕਤਾਰਾਂ ਬਨਾਉਣ ਨਾਲ, ਇਸ ਮਗਰੋਂ ਚੱਲਣ ਵਾਲੇ ਬੇਲਰ ਦਾ ਕੰਮ ਬਹੁਤ ਤੇਜ਼ੀ ਨਾਲ ਹੋ ਜਾਂਦਾ ਹੈ ਅਤੇ ਬੇਲਰ ਦੇ ਖੇਤ ਵਿੱਚ ਚੱਕਰ ਵੀ ਬਹੁਤ ਘੱਟ ਲੱਗਦੇ ਹਨ।

ਉੱਪਰ ਦੱਸੀਆਂ ਮਸ਼ੀਨਾਂ ਦੁਆਰਾ ਝੋਨੇ ਦੀ ਪਰਾਲੀ ਨੂੰ ਬਿਨ੍ਹਾਂ ਅੱਗ ਲਾਇਆਂ ਸਾਂਭਿਆ ਜਾ ਸਕਦਾ ਹੈ ਅਤੇ ਕਣਕ, ਆਲੂ ਅਤੇ ਸਬਜ਼ੀਆਂ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ।



ਮੰਡੀਕਰਨ ਸਮੇਂ ਮਾਪਦੰਡ ਅਨੁਸਾਰ ਝੋਨੇ ਵਿਚ ਨਮੀਂ ਦੀ ਮਾਤਰਾ ਕੇਂਦਰੀ ਸਰਕਾਰ ਹਰ ਸਾਲ ਹੁਕਮ ਭੇਜਦੀ ਹੈ। ਪਹਿਲਾਂ ਇਹ ਝੋਨੇ ਦੀ ਨਰੋਈ ਫਸਲ ਵਿਚ ਨਮੀਂ 17 ਪ੍ਰਤੀਸ਼ਤ ਤੋਂ ਵੱਧ ਨਾ ਹੋਵੇ।





# ਝੋਨਾ/ਬਾਸਮਤੀ ਪੱਕਣ, ਮੰਡੀਕਰਨ ਅਤੇ ਭੰਡਾਰਨ ਬਾਰੇ ਖਾਸ ਹਦਾਇਤਾਂ

ਡਾ. ਡੀ. ਡੀ. ਨਾਰੰਗ, ਸਾਬਕਾ ਕੀਟ ਵਿਗਿਆਨੀ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋ. 9464720231 )

ਪੰਜਾਬ ਵਿਚ ਕਈ ਥਾਵਾਂ 'ਤੇ ਝੋਨੇ/ਬਾਸਮਤੀ ਦੀ ਆਮਦ ਮੰਡੀਆਂ ਵਿਚ ਹੋਣੀ ਸ਼ੁਰੂ ਹੋ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਹਦਾਇਤਾਂ ਮੁਤਾਬਿਕ ਪੱਕੇ ਹੋਏ ਝੋਨੇ ਸਮੇਂ ਕਿਸਾਨਾਂ ਨੂੰ ਪਾਲਨਾ ਕਰਨੀ ਚਾਹੀਦੀ ਹੈ।

1. ਫਸਲ ਪੱਕਣ ਤੋਂ 1-2 ਹਫਤੇ ਪਹਿਲਾਂ ਸਿੰਚਾਈ ਬੰਦ ਕਰ ਦਿਓ ਤਾਂ ਜੋ ਕਟਾਈ ਸੌਖੀ ਹੋ ਜਾਵੇ।

2. ਸੇਮ ਵਾਲੇ ਖੇਤਾਂ 'ਚ ਕਣਕ ਦੀ ਬਿਜਾਈ ਪਛੇਤੀ ਹੋਣ ਤੋਂ ਬਚਾਉਣ ਲਈ ਦੀ ਰੌਣੀ, ਖੜੇ ਝੋਨੇ ਦੀ ਕਟਾਈ ਤੋਂ 15 ਦਿਨ੍ਹਾਂ ਪਹਿਲਾਂ ਜ਼ਮੀਨ ਦੀ ਕਿਸਮ ਅਨੁਸਾਰ ਕਰੋ।

## ਕਟਾਈ ਅਤੇ ਝੜਾਈ

1. ਫਸਲ ਦੀਆਂ ਮੁੰਜਰਾਂ ਜਦੋਂ ਪੱਕ ਜਾਣ ਅਤੇ ਪਰਾਲੀ ਦਾ ਰੰਗ ਪੀਲੇਪਨ ਵਿਚ ਬਦਲ ਜਾਵੇ ਤਾਂ ਫਸਲ ਦੀ ਕਟਾਈ ਕਰ ਲੈਣੀ ਚਾਹੀਦੀ ਹੈ।

2. ਜੇਕਰ ਕਟਾਈ ਜ਼ਿਆਦਾ ਪੱਕਣ 'ਤੇ ਕੀਤੀ ਜਾਵੇ ਤਾਂ ਦਾਣੇ ਮੁੰਜਰਾਂ ਨਾਲੋਂ ਕਿਰ ਜਾਂਦੇ ਹਨ। ਜਿਸ ਨਾਲ ਕਾਫੀ ਨੁਕਸਾਨ ਹੋ ਜਾਂਦਾ ਹੈ ਅਤੇ ਝਾੜ ਬਹੁਤ ਘੱਟਦਾ ਹੈ।



3. ਕੰਬਾਇਨਾਂ ਦੇ ਨਾਲ ਝੋਨੇ ਦੀ ਕਟਾਈ ਲਈ ਕੰਬਾਇਨਾਂ ਨੂੰ ਸਹੀ ਸਪੀਡ 'ਤੇ ਚਲਾਓ ਅਤੇ ਓਹਨਾਂ ਕੰਬਾਇਨਾਂ ਨੂੰ ਤਰਜ਼ੀਹ ਦਿਓ, ਜਿਨ੍ਹਾਂ ਪਿੱਛੇ ਪੀ. ਏ. ਯੂ. ਸੁਪਰ ਐੱਸ ਐੱਮ ਐੱਸ (ਸੁਪਰ ਸਟਰਾਅ ਮੈਨੇਜਮੈਂਟ ਸਿਸਟਮ) ਲੱਗਾ ਹੋਵੇ। ਇਸ ਕੰਬਾਇਨ ਦੇ ਪਿੱਛੇ ਡਿੱਗਣ ਵਾਲੀ ਪਰਾਲੀ ਦਾ ਕੁਤਰਾ ਕਰਕੇ ਖਿਲਾਰ ਦਿੰਦਾ ਹੈ। ਇਸ ਤੋਂ ਬਾਅਦ ਹੈਪੀ ਸੀਡਰ ਨਾਲ ਕਣਕ ਦੀ ਸਿੱਧੀ ਬਿਜਾਈ ਝੋਨੇ ਦੇ ਨਾੜ ਨੂੰ ਬਿਨਾਂ ਅੱਗ ਲਾਏ ਕੀਤੀ ਜਾ ਸਕਦੀ ਹੈ ਜਿਸ ਨਾਲ ਖੇਤ ਨੂੰ ਤਿਆਰ ਕਰਨ ਦਾ ਖਰਚਾ ਅਤੇ ਵਾਤਾਵਰਣ ਵੀ ਪ੍ਰਦੂਸ਼ਿਤ ਨਹੀਂ ਹੁੰਦਾ।

★ ਟਰੈਕਟਰ ਨਾਲ ਚੱਲਣ ਵਾਲੀ ਵਰਟੀਕਲ ਕਨਵੇਅਰ ਰੀਪਰ ਵਿੰਡੋਵਰ ਦੀ ਵਰਤੋਂ ਵੀ ਝੋਨੇ ਦੀ ਵਾਢੀ ਲਈ ਕੀਤੀ ਜਾ ਸਕਦੀ ਹੈ।

★ ਝੋਨਾ ਗਾਹੁਣ ਲਈ ਬਹੁਫਸਲੀ ਥਰੈਸਰ ਹੀ ਵਰਤਿਆ ਜਾ ਸਕਦਾ ਹੈ।

## ਖਾਲਸ ਬੀਜ ਪੈਦਾ ਕਰਨਾ

★ ਬੀਜ ਰੱਖਣ ਲਈ ਨਰੋਈ ਫਸਲ ਦੀ ਚੋਣ ਕਰੋ।

★ ਇਸ ਵਿਚੋਂ ਬੀਮਾਰੀ ਵਾਲੇ ਅਤੇ ਹੋਰ ਕਿਸਮਾਂ ਦੇ ਬੂਟੇ ਪੁੱਟ ਅਤੇ ਫਿਰ ਇਸ ਥਾਂ ਦੀ ਫਸਲ ਵੱਖਰੀ ਕਟੋ ਅਤੇ ਵੱਖਰੀ ਹੀ ਝਾੜੋ।

★ ਇਸ ਬੀਜ ਨੂੰ ਚੰਗੀ ਤਰ੍ਹਾਂ ਸੁਕਾ ਕੇ ਘੱਟ ਨਮੀਂ ਵਾਲੇ ਅਤੇ ਨਾ ਹੀ ਕੋਈ ਕੱਟੇ ਦਾਣੇ ਅਤੇ ਨਦੀਨਾਂ ਦੇ ਛੋਟੇ ਬੀਜਾਂ ਨੂੰ ਵੀ ਚੰਗੀ ਤਰ੍ਹਾਂ ਕੱਢ ਕੇ ਸਾਫ-ਸੁੱਥਰੇ ਸੁੱਕੇ ਢੋਲਾਂ ਵਿਚ ਭਰ ਦਿਓ।

ਇਹ ਭਰੇ ਹੋਏ ਨਰੋਏ ਬੀਜ ਢੋਲਾਂ ਵਿਚ ਰੱਖੋ। ਆਮ ਵਿਕਰੀ ਵਾਲੇ ਝੋਨੇ ਤੋਂ ਵੱਖਰੇ ਕੋਠੀਆਂ ਵਿਚ ਰੱਖੋ ਅਤੇ ਢੋਲਾਂ 'ਤੇ ਵੀ ਪੱਕੀ ਸਿਆਹੀ ਨਾਲ ਲਿਖ ਦਿਓ ''ਬੀਜ ਲਈ'' ਹੈ। ਤਾਂ ਕਿ ਕਈ ਵਾਰੀ ਕਈ ਕਿਸਾਨ ਵੀਰ ਭੁੱਲ ਕੇ ਨਾਲ ਕੱਢ ਕੇ ਮੰਡੀਆਂ ਵਿਚ ਲੈ ਜਾਂਦੇ ਹਨ।

ਢੋਲਾਂ ਦੇ ਢੱਕਣ ਬੰਦ ਕਰਨ ਤੋਂ ਪਹਿਲਾਂ ਸੈਲਫਾਸ ਦੀ ਇਕ ਗੋਲੀ ਨੂੰ ਗਿੱਲੇ ਨਚੋੜੀ ਹੋਈ ਸੂਤੀ ਕੱਪੜੇ ਵਿੱਚ ਰੱਖ ਅਤੇ ਗੱਠ ਮਾਰ ਕੇ ਢੋਲ ਨੂੰ ਅਖੀਰਲੀ ਬੀਜ ਪਾਉਣ ਤੋਂ ਪਹਿਲਾਂ ਰੱਖ ਦਿਓ ਅਤੇ ਫਿਰ ਹੋਰ ਨਰੋਆ ਬੀਜ ਪਾ ਕੇ ਢੱਕਣ ਬੰਦ ਕਰਕੇ ਢੱਕਣ ਦੇ ਆਲੇ ਦੁਆਲੇ ਚੀਕਣੀ ਮਿੱਟੀ ਦਾ ਹਲਕਾ ਮੋਟਾ ਲੇਪ ਲਗਾ ਦਿਓ ਅਤੇ ਨਾਲੋ ਨਾਲ ਢੋਲ ਦੇ ਗੋਲ ਮੋਰੇ ਨੂੰ ਢੱਕਣ ਲਗਾ ਕੇ ਉਪਰੋਕਤ ਚੀਕਣੀ ਮਿੱਟੀ ਦਾ ਲੇਪ ਜਰੂਰ ਲਗਾਅ ਦਿਓ। ਵਿਚੋਂ ਵਿਚ ਢੋਲਾਂ ਨੂੰ ਚੈੱਕ ਕਰੋ। ਜੇ ਕੋਈ ਵੀ ਲਾਗ ਜਾਂ ਛੋਟੇ ਪਤੰਗੇ ਵੇਖੋ ਤਾਂ ਸਾਰੇ ਬੀਜ ਨੂੰ ਕੱਢ ਕੇ ਖੁੱਲ੍ਹੇ ਥਾਂ ਤੇ ਤਰਪਾਲ ਤੇ ਖਲੇਰ ਕੇ ਧੁੱਪ ਲਗਾਓ ਅਤੇ ਫਿਰ ਛਾਣ ਕੇ ਢੋਲਾਂ ਵਿਚ ਪਾ ਕੇ ਉਪਰੋਕਤ ਦੱਸੀਆਂ ਹੋਈਆਂ ਹਦਾਇਤਾਂ ਦੀ ਪਾਲਨਾ ਕਰੋ।

## ਮੰਡੀਕਰਨ

ਪੈਦਾਵਾਰ ਦਾ ਮੰਡੀਕਰਨ ਇਕ ਬਹੁਤ ਹੀ ਜ਼ਰੂਰੀ ਕੰਮ ਹੈ ਕਿਉਕਿ ਕਿਸਾਨ ਦੀ ਆਮਦਨ ਇਸ ਉਪਜ ਉੱਪਰ ਬਹੁਤ ਨਿਰਭਰ ਕਰਦੀ ਹੈ।

ਮੰਡੀਕਰਨ ਸਮੇਂ ਮਾਪਦੰਡ ਅਨੁਸਾਰ ਝੋਨੇ ਵਿਚ ਨਮੀਂ ਦੀ ਮਾਤਰਾ ਕੇਂਦਰੀ ਸਰਕਾਰ ਹਰ ਸਾਲ ਹੁਕਮ ਭੇਜਦੀ ਹੈ। ਪਹਿਲਾਂ ਇਹ ਝੋਨੇ ਦੀ ਨਰੋਈ ਫਸਲ ਵਿਚ ਨਮੀਂ 17 ਪ੍ਰਤੀਸ਼ਤ ਤੋਂ ਵੱਧ ਨਾ ਹੋਵੇ।

ਹੁਣ ਵੀ ਮੰਡੀਕਰਨ ਦੇ ਕੀ ਨਵੀਆਂ ਹਦਾਇਤਾਂ ਅਨੁਸਾਰ ਅਪਨੀ ਫਸਲ ਦੀ ਉਪਜ ਨੂੰ ਵੇਚਣ ਜਾਓ।

★ ਆਖਿਰ ਵਿਚ ਫਸਲ ਵੇਚਣ ਬਾਅਦ ਆੜਤੀਏ ਨੂੰ ਸਫਾਈ/ਉਤਰਾਈ ਦਾ ਖਰਚਾ ਦੇਣਾ ਹੈ ਅਤੇ ਆੜਤੀਏ ਕੋਲੋਂ 'ਜੇ' ਫਾਰਮ ਜਰੂਰ ਲੈ ਲੈਣਾ ਚਾਹੀਦਾ ਹੈ।

**ਨੋਟ** : 1. ਜਿਹੜਾ ਅਨਾਜ ਘਰ ਰੱਖਣਾ ਹੈ, ਉਸਨੂੰ ਇਕ ਹਫਤੇ ਲਈ ਧੁੱਪ ਵਿੱਚ ਰੱਖੋ। ਦਾਣਿਆਂ ਨੂੰ ਗੁਦਾਮ ਵਿਚ ਰੱਖਣ ਸਮੇਂ ਇਨ੍ਹਾਂ ਵਿੱਚ ਨਮੀਂ ਦੀ ਮਾਤਰਾ 12 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ ਹੈ।

2. ਜਿਹੜੇ ਅਨਾਜ ਨੂੰ ਆਪਣੇ ਟੱਬਰ ਲਈ ਖਾਣ ਲਈ ਵਰਤਣਾ ਹੋਵੇ ਉਸ ਨੂੰ ਜਿਸਤੀ ਢੋਲਾਂ ਵਿਚ ਰੱਖੋ। ਸਿਰਫ ਇੱਕ ਢੋਲ ਨੂੰ ਮਿੱਟੀ ਨਾਲ ਸੀਲ ਬੰਦ ਨਾ ਕਰੋ, ਬਾਕੀ ਦਾ ਖਾਣ ਵਾਲਾ ਅਨਾਜ ਜੋ ਸੁੱਕਾ ਹੋਵੇ ਉਸਨੂੰ ਉਸੀ ਤਰ੍ਹਾਂ ਭੰਡਾਰਨ ਕਰੋ। ਜਿਵੇਂ ਬੀਜ ਵਾਲੇ ਅਨਾਜ ਲਈ ਉਪਰੋਕਤ ਦੱਸੀਆਂ ਗਈਆਂ ਹਨ।

ਹੁਣ ਆਸ ਹੈ ਕਿ ਕਿਸਾਨ ਵੀਰ ਉਪਰੋਕਤ ਗੱਲਾਂ ਨੂੰ ਅਪਣਾ ਕੇ ਆਪਣੀ ਉਪਜ ਵੇਚ ਕੇ ਚੰਗੀ ਕਮਾਈ ਕਰ ਸਕਣਗੇ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ, ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰ-ਏ-ਪੰਜਾਬ ਮਾਰਕੀਟ, ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 42**
**ਮਿਤੀ 19-10-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ


★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਨਰਮਾ ਚੁਗਣ ਰਾਜਸਥਾਨ ਜਾਣ ਲੱਗੇ ਮਜ਼ਦੂਰ

'ਚਿੱਟੇ ਸੋਨੇ' ਦੀ ਬੈਲਟ ਕਹੇ ਜਾਣ ਵਾਲੇ ਇਲਕੇ ਦੇ ਮਜ਼ਦੂਰਾਂ ਨੂੰ 'ਚਿੱਟਾ ਸੋਨਾ' ਭਾਵ ਨਰਮਾ ਚੁਗਾਈ ਲਈ ਹੁਣ ਬਾਹਰ ਹੋਰਨਾਂ ਰਾਜਾਂ ਵੱਲ ਚਾਲੇ ਪਾ ਉਣੇ ਪੈ ਰਹੇ ਹਨ। ਆਪਣੇ ਘਰਾਂ ਨੂੰ ਜ਼ਿੰਦਰੇ ਲਗਾ ਕੇ ਬੱਚਿਆਂ ਸਮੇਤ ਮਜ਼ਦੂਰ ਰਾਜਸਥਾਨ ਲਈ ਰਵਾਨਾ ਹੋਣ ਲੱਗੇ ਹਨ। ਨਮ ਅੱਖਾਂ ਨਾਲ ਹੋਰ ਰਾਜਾਂ 'ਚ ਜਾਂਦੇ ਮਜ਼ਦੂਰਾਂ ਕਾਰਨ ਮਾਹੌਲ ਵੀ ਗਮਗੀਨ ਹੋਣ ਲੱਗਿਆ ਹੈ। ਜ਼ਿਲ੍ਹਾ ਮਾਨਸਾ ਦੇ ਪਿੰਡ ਨੰਗਲ ਕਲਾਂ ਦੇ 15 ਦੇ ਕਰੀਬ ਪਰਿਵਾਰ ਘਰਾਂ ਨੂੰ ਜ਼ਿੰਦਰੇ ਲਗਾ ਆਪਣੇ ਬੱਚਿਆਂ ਸਮੇਤ ਰਾਜਸਥਾਨ ਚਲੇ ਗਏ ਹਨ।

ਇੱਥੇ ਜ਼ਿਕਰਯੋਗ ਹੈ ਕਿ ਯੂਪੀ, ਬਿਹਾਰ, ਮੱਧ ਪ੍ਰਦੇਸ਼ ਤੋਂ ਹੋਰਨਾਂ ਸੂਬਿਆਂ ਦੇ ਮਜ਼ਦੂਰ ਪਹਿਲਾ 'ਨਰਮਾ ਪੱਟੀ' ਨਰਮਾ ਚੁਗਣ ਲਈ ਆਉਂਦੇ ਸਨ ਅਤੇ ਜ਼ਿਆਦਾਤਰ ਇੱਥੋਂ ਦੇ ਹੋ ਕੇ ਰਹਿ ਜਾਂਦੇ ਸਨ ਜਾਂ ਫਿਰ ਚੁਗਾਈ ਦੇ ਸਮੇਂ ਆ ਕੇ ਚਲੇ ਜਾਂਦੇ ਸਨ। ਪੰਜਾਬ ਦੇ ਕਿਸਾਨ ਰੇਲਵੇ ਸਟੇਸ਼ਨਾਂ ਤੋਂ ਇਨ੍ਹਾਂ ਮਜ਼ਦੂਰਾਂ ਨੂੰ ਲੈ ਕੇ ਜਾਂਦੇ ਸੀ ਤੇ ਪਿੰਡਾਂ ਦੇ ਮਜ਼ਦੂਰਾਂ ਨੂੰ ਵੀ ਨਰਮੇ ਦੀ ਚੁਗਾਈ ਕਰਨ ਲੈ ਜਾਂਦੇ ਸਨ। ਨਰਮੇਂ ਦੀ ਚੁਗਾਈ ਦਾ ਕੰਮ ਚੱਲਦਾ ਤਾਂ ਮਜ਼ਦੂਰਾਂ ਨੂੰ ਆਪਣਾ ਰੁਜ਼ਗਾਰ ਮਿਲ ਜਾਂਦਾ ਅਤੇ ਇਹ ਤਕਰੀਬਨ ਤਿੰਨ ਮਹੀਨੇ ਚੱਲਦਾ। ਜਿਵੇਂ ਜਿਵੇਂ ਸਮਾਂ ਬਦਲਦਾ ਗਿਆ, ਉਵੇਂ ਉਵੇਂ ਬਹੁਤ ਕੁੱਝ ਬਦਲ ਰਿਹਾ ਹੈ। ਨਰਮੇਂ 'ਤੇ ਵਾਰ ਵਾਰ ਪੈਂਦੀ ਰਹੀ ਮਾਰ ਦੇ ਕਾਰਨ ਕਿਸਾਨਾਂ ਨੂੰ ਹੋਏ ਨੁਕਸਾਨ ਤੋਂ ਬਾਅਦ ਹੁਣ ਕਿਸਾਨਾਂ ਦਾ ਮੂੰਹ ਨਰਮੇ ਬਿਜਾਈ ਤੋਂ ਮੁੜਨ ਲੱਗਿਆ ਅਤੇ ਇਸ ਵਾਰ ਝੋਨਾ ਕਿਸਾਨਾਂ ਵੱਲੋਂ ਜ਼ਿਆਦਾ ਲਗਾਇਆ ਗਿਆ। ਕਿਸਾਨਾਂ ਵੱਲੋਂ ਵੱਡੇ ਪੱਧਰ ਤੇ ਹੁਣ ਝੋਨੇ ਦੀ ਬਿਜਾਈ ਕੀਤੀ ਗਈ ਹੈ ਪਰ ਮਜ਼ਦੂਰਾਂ ਕੋਲ ਕੋਈ ਰੁਜ਼ਗਾਰ ਨਾ ਹੋਣ ਕਾਰਨ ਮਜ਼ਦੂਰ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਘਰਾਂ ਨੂੰ ਜ਼ਿੰਦਰੇ ਲਾ ਰਾਜਸਥਾਨ ਨੂੰ ਨਰਮਾ ਚੁਗਣ ਦੇ ਲਈ ਰਵਾਨਾ ਹੋ ਗਏ ਹਨ। ਨੰਗਲ ਕਲਾਂ ਦੇ ਕੇਵਲ ਸਿੰਘ, ਪਾਲ ਸਿੰਘ, ਗੁਰਜੰਟ ਸਿੰਘ ਤੇ ਮਿੱਠੂ ਸਿੰਘ ਦੇ ਇਲਾਵਾ ਹੋਰ ਕੁਝ ਮਜ਼ਦੂਰਾਂ ਨੇ ਕਿਹਾ ਕਿ ਪਹਿਲਾਂ ਪੰਜਾਬ ਵਿਚ ਨਰਮਾ ਹੋਣ ਦੇ ਚੱਲਦਿਆਂ ਪਰਿਵਾਰ ਨਰਮੇ ਦੀ ਚੁਗਾਈ ਕਰਦਾ ਸੀ ਤੇ ਦੋ ਤੋਂ ਤਿੰਨ ਮਹੀਨੇ ਚੁਗਾਈ ਹੁੰਦੀ। ਪਰ ਹੁਣ ਰੁਜ਼ਗਾਰ ਨਾ ਹੋਣ ਕਾਰਨ ਬੱਚਿਆਂ ਨੂੰ ਪਾਲਣ ਦਾ ਫਿਕਰ ਪੈ ਗਿਆ ਹੈ ਅਤੇ ਕੰਮ ਬਿਨਾ ਕੁੱਝ ਵੀ ਚੰਗਾ ਨਹੀਂ ਲੱਗਦਾ।

### ਕਿਸਾਨਾਂ ਨੇ ਨਰਮਾ ਬੀਜਣਾ ਛੱਡਿਆ

ਅੱਜ ਨਰਮਾ ਕਿਸਾਨਾਂ ਵੱਲੋਂ ਬੀਜਣਾ ਛੱਡ ਦਿੱਤਾ ਹੈ। ਹੁਣ ਝੋਨੇ ਦਾ ਵਧੇ ਰਕਬੇ ਬਾਅਦ ਨਰਮਾ ਨਾ ਹੋਣ ਕਾਰਨ ਪੰਜਾਬ ਦੇ ਮਜ਼ਦੂਰਾਂ ਨੂੰ ਬਾਹਰ ਜਾਣਾ ਪੈ ਰਿਹਾ ਹੈ। ਉਨ੍ਹਾਂ ਕੋਲ ਕੋਈ ਰੁਜ਼ਗਾਰ ਨਹੀਂ ਬਚਿਆ ਤੇ ਹੁਣ ਉਹ ਰਾਜਸਥਾਨ ਦੇ ਵਿਚ ਨਰਮੇ ਦੀ ਚੁਗਾਈ ਕਰਨ ਦੇ ਲਈ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਜ਼ਬੂਰੀ ਹੈ ਕਿ ਅੱਜ ਸਾਨੂੰ ਵੀ ਯੂਪੀ ਬਿਹਾਰ ਦੇ ਪ੍ਰਵਾਸੀ ਮਜ਼ਦੂਰ: ਵਾਂਗੂੰ ਨਰਮੇ ਦੀ ਇਕ ਚੁਗਾਈ ਕਰਨ ਦੇ ਲਈ ਦੂਸਰੇ ਸੂਬਿਆਂ ਦੇ ਵਿਚ ਜਾਣਾ ਪੈ ਰਿਹਾ ਹੈ। ਜੇਕਰ ਸਰਕਾਰ ਚੰਗੇ ਬੀਜ ਕਿਸਾਨਾਂ ਨੂੰ ਮੁਹੱਈਆ ਕਰਵਾਵੇ ਤਾਂ ਕਿਸਾਨ ਨਰਮੇ ਦੀ ਬਿਜਾਈ ਕਰਨ ਤਾਂ ਅਸੀਂ ਆਪਣੇ ਪੰਜਾਬ ਦੇ ਵਿਚ ਹੀ ਰਹਿ ਕੇ ਰੁਜ਼ਗਾਰ ਕਰੀਏ।

# ਤੋਰੀਆ ਉਗਾਓ : ਮੁਨਾਫਾ ਕਮਾਓ ਅਤੇ ਫਸਲੀ ਵਿਭਿੰਨਤਾ ਲਿਆਓ




ਬਲਕਰਨ ਸਿੰਘ ਸੰਧੂ, ਗੁਰਮੇਲ ਸਿੰਘ ਸੰਧੂ ਅਤੇ ਵਿਵੇਕ ਕੁਮਾਰ, ਰਾਜਾ ਹਰਿੰਦਰ ਸਿੰਘ ਸੀਡ ਫਾਰਮ, ਫਰੀਦਕੋਟ
ਗਰਗ ਅਤੇ ਨੀਮੀਸ਼ਾ, ਫਾਰਮ ਸਾਲਹਕਾਰ ਸੇਵਾ ਕੇਂਦਰ, ਸੰਗਰੂਰ ਮੋਬਾਇਲ : 97811-28000


ਤੋਰੀਆ ਵੱਧ ਆਮਦਨੀ ਦੇਣ ਤੋਂ ਇਲਾਵਾ ਫਸਲੀ ਵਿਭਿੰਨਤਾ ਲਈ ਵੀ ਇਕ ਚੰਗਾ ਵਿਕਲਪ ਹੈ। ਤੋਰੀਏ ਨੂੰ ਪਤਝੜ ਰੁੱਤ ਦੇ ਕਮਾਦ ਦੇ ਨਾਲ ਅੰਤਰ-ਫਸਲ ਦੇ ਤੌਰ 'ਤੇ ਵੀ ਬੀਜਿਆ ਜਾ ਸਕਦਾ ਹੈ। ਘੱਟ ਸਮਾਂ ਲੈਣ ਅਤੇ ਸਰ੍ਹੋਂ ਤੋਂ ਅਗੇਤੀ ਫਸਲ ਹੋਣ ਕਰਕੇ ਇਸ ਨੂੰ ਸ਼ਹਿਰ ਦੇ ਆਸ ਪਾਸ ਇਲਾਕਿਆਂ ਵਿਚ ਬਤੌਰ ਸਾਗ ਲਈ ਵੀ ਵਰਤਿਆ ਜਾਂਦਾ ਹੈ। ਤੋਰੀਏ ਦੀ ਸਫਲ ਕਾਸ਼ਤ ਅਤੇ ਵਧੇਰੇ ਝਾੜ ਲਈ ਹੇਠ ਲਿਖੇ ਨੁਕਤੇ ਅਪਣਾਓ।

| ਕਿਸਮ | ਪੱਕਣ ਦਾ ਸਮਾਂ (ਦਿਨ) | ਝਾੜ (ਕੁਇੰਟਲ/ਏਕੜ) | ਤੇਲ ਦੀ ਮਾਤਰਾ (%) |
|---|---|---|---|
| ਟੀ ਐੱਲ-17 | 90 | 5.2 | 42 |
| ਟੀ ਐੱਲ-15 | 88 | 4.5 | 41 |

★ ਤੋਰੀਏ ਦੀ ਕਾਸ਼ਤ ਲਈ ਚੰਗੇ ਜਲ ਨਿਕਾਸ ਵਾਲੀਆਂ, ਹਲਕੀਆਂ ਮੈਰਾ ਤੇ ਦਰਮਿਆਨੀਆਂ ਭਾਰੀਆਂ ਜ਼ਮੀਨਾਂ ਦੀ ਚੋਣ ਕਰੋ।

★ ਫਸਲ ਦੇ ਵਧੀਆ ਜੰਮ ਲਈ ਖੇਤ ਦੀ ਚੰਗੀ ਤਿਆਰੀ ਬਹੁਤ ਜ਼ਰੂਰੀ ਹੈ। ਖੇਤ ਨੂੰ 2 ਤੋਂ 4 ਵਾਰ ਵਾਹੋ ਅਤੇ ਹਰ ਵਾਹੀ ਬਾਅਦ ਸੁਹਾਗਾ ਜ਼ਰੂਰ ਫੇਰੋ।

★ ਪੰਜਾਬ ਵਿਚ ਤੋਰੀਏ ਦੀ ਕਾਸ਼ਤ ਲਈ ਟੀ ਐਲ 17 ਅਤੇ ਟੀ ਐਲ 15 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ ਜਿਹਨਾਂ ਦਾ ਵੇਰਵਾ ਹੇਠਾਂ ਦਿੱਤਾ ਹੈ।

★ ਨਿਰੋਲ ਤੋਰੀਏ ਦੀ ਫਸਲ ਨੂੰ ਸਤੰਬਰ ਦੇ ਮਹੀਨੇ ਦੇ ਸ਼ੁਰੂ ਵਿਚ ਬੀਜ ਦਿਓ। ਜਦੋਂ ਤੋਰੀਏ ਨੂੰ ਪੱਤਝੜ੍ਹ ਰੁੱਤ ਦੇ ਕਮਾਦ ਦੇ ਨਾਲ ਅੰਤਰ-ਫਸਲ ਦੇ ਤੌਰ ਤੇ ਬੀਜਣਾ ਹੋਵੇ ਤਾਂ 20 ਸਤੰਬਰ ਤੋਂ ਸਤੰਬਰ ਦੇ ਅੰਤ ਤੱਕ ਦਾ ਸਮਾਂ ਢੁੱਕਵਾਂ ਹੈ।

★ ਤੋਰੀਏ ਦੀ ਨਿਰੋਲ ਬਿਜਾਈ ਲਈ 1.5 ਕਿੱਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਬੀਜਣ ਵੇਲੇ ਕਤਾਰਾਂ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖੋ ਅਤੇ ਬਿਜਾਈ 4-5 ਸੈਂਟੀਮੀਟਰ ਡੂੰਘੀ ਕਰੋ। ਬਿਜਾਈ ਲਈ ਡਰਿੱਲ ਜਾਂ ਪੋਰੇ ਦੀ ਵਰਤੋਂ ਕੀਤੀ ਜਾ ਸਕਦੀ ਹੈ। ਹੱਥ ਨਾਲ ਚੱਲਣ ਵਾਲੀ ਤੇਲ ਬੀਜ ਡਰਿੱਲ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ।

★ ਬਿਜਾਈ ਤੋਂ ਤਿੰਨ ਹਫਤੇ ਬਾਅਦ ਫਸਲ ਨੂੰ ਵਿਰਲਾ ਕਰੋ ਅਤੇ ਬੂਟਿਆਂ ਵਿਚਕਾਰ 10 ਤੋਂ 15 ਸੈਂਟੀਮੀਟਰ ਦਾ ਫਾਸਲਾ ਰੱਖੋ।

★ ਪੱਤਝੜ੍ਹ ਰੁੱਤ ਦੇ ਕਮਾਦ ਨਾਲ ਰਲਵੀਂ ਕਾਸ਼ਤ ਲਈ ਕਮਾਦ ਦੀਆਂ ਕਤਾਰਾਂ ਦੇ ਵਿਚਕਾਰ ਤੋਰੀਆ ਦੀਆਂ ਦੋ ਕਤਾਰਾਂ (30 ਸੈ.ਮੀ. ਦੀ ਦੂਰੀ 'ਤੇ) ਸਫਲਤਾਪੂਰਵਕ ਲਾਈਆਂ ਜਾ ਸਕਦੀਆਂ ਹਨ। ਤੋਰੀਆ+ਕਮਾਦ ਦੀ ਇਸ ਰਲਵੀਂ ਕਾਸ਼ਤ ਲਈ ਤੋਰੀਏ ਦਾ 1 ਕਿਲੋ ਬੀਜ ਪ੍ਰਤੀ ਏਕੜ ਹੀ ਕਾਫੀ ਹੈ। ਇਸ ਰਲਵੀਂ ਕਾਸ਼ਤ ਲਈ 20 ਸਤੰਬਰ ਤੋਂ ਸਤੰਬਰ ਦੇ ਅੰਤ ਤੱਕ ਦਾ ਸਮਾਂ ਢੁੱਕਵਾਂ ਹੈ।

★ ਦਰਮਿਆਨੀਆਂ ਉਪਜਾਊ ਜ਼ਮੀਨਾਂ ਵਿਚ ਤੋਰੀਏ ਨੂੰ 55 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਸਮੇਂ ਪੋਰ ਦਿਓ। ਫਾਸਫੋਰਸ ਤੱਤ ਦੀ ਪੂਰਤੀ ਲਈ ਸੁਪਰਫਾਸਫੇਟ ਖਾਦ ਨੂੰ ਪਹਿਲ ਦਿਓ ਜਿਸ ਵਿਚ ਫਾਸਫੋਰਸ ਦੇ ਨਾਲ ਨਾਲ ਗੰਧਕ ਤੱਤ ਵੀ ਹੁੰਦਾ ਹੈ।

★ ਜੇਕਰ ਪੱਤਝੜ੍ਹ ਰੁੱਤ ਦੇ ਕਮਾਦ ਅਤੇ ਤੋਰੀਏ ਦੀ ਰਲਵੀਂ ਕਰਨੀ ਹੋਵੇ ਤਾਂ ਕਮਾਦ ਨੂੰ ਸਿਫਾਰਸ਼ ਕੀਤੀ ਖਾਦ ਤੋਂ ਇਲਾਵਾ 33 ਕਿਲੋ ਯੂਰੀਆ ਅਤੇ 32 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਹੋਰ ਪਾਓ।

★ ਤੋਰੀਏ ਵਿਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 3 ਹਫਤੇ ਪਿੱਛੋਂ ਇਕ ਗੋਡੀ ਜ਼ਰੂਰ ਕਰੋ।

★ ਤੋਰੀਏ ਦੀ ਫਸਲ ਨੂੰ ਜ਼ਰੂਰਤ ਅਨੁਸਾਰ ਫੁੱਲ ਪੈਣ ਸਮੇਂ ਇਕ ਸਿੰਚਾਈ ਕੀਤੀ ਜਾ ਸਕਦੀ ਹੈ।

★ ਫਲੀਆਂ ਜਦੋਂ ਪੀਲੀਆਂ ਹੋ ਜਾਣ ਤਾਂ ਫਸਲ ਦੀ ਕਟਾਈ ਕਰ ਦਿਓ। ਕੱਟੀ ਹੋਈ ਫਸਲ ਗਾਹੁਣ ਤੋਂ 7-10 ਦਿਨ ਪਹਿਲਾਂ ਢੇਰ (ਕੁੰਨੂੰ) ਬਣਾ ਕੇ ਰੱਖਣੀ ਚਾਹੀਦੀ ਹੈ। ਗਹਾਈ ਲਈ ਕਿੱਲੀਆਂ ਵਾਲਾ ਕਣਕ ਦਾ ਥਰੈਸ਼ਰ ਕੁਝ ਤਬਦੀਲੀਆਂ ਕਰਕੇ ਵਰਤਿਆ ਜਾ ਸਕਦਾ ਹੈ। ਉਤਪਾਦ ਨੂੰ ਸਹੀ ਸੁਕਾਉਣ ਤੋਂ ਬਾਅਦ ਹੀ ਮੰਡੀਕਰਨ ਕਰਨਾ ਚਾਹੀਦਾ ਹੈ।

# ਆਲੂ ਦੀ ਫਸਲ ਲਈ ਖਾਦਾਂ ਦੀ ਸੁਚੱਜੀ ਵਰਤੋਂ ਕਰੋ



ਜਗਮਨਜੋਤ ਸਿੰਘ
ਅਤੇ ਸੰਜੀਵ ਆਹੂਜਾ,
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ
(ਮੋ. 9492900307)

ਵਰਤਮਾਨ ਵਿਚ ਸਬਜ਼ੀਆਂ ਦੀਆਂ ਫਸਲਾਂ ਵਿਚ ਕੁੱਲ ਰਕਬੇ ਦਾ ਇਕ ਤਿਹਾਈ ਹਿੱਸਾ ਆਲੂ ਹੇਠ ਆਉਂਦਾ ਹੈ, ਜਿਸ ਨੂੰ ਮੰਡੀ ਵਿਚ ਖਾਣ ਲਈ ਅਤੇ ਬੀਜ ਦੇ ਉਦੇਸ਼ ਲਈ ਉਗਾਇਆ ਜਾਂਦਾ ਹੈ । ਆਲੂ ਇਕ ਥੋੜ੍ਹੇ ਸਮੇਂ ਦੀ ਫਸਲ ਹੈ, ਜੋ ਬਹੁ-ਫਸਲੀ ਅਤੇ ਅੰਤਰ ਫਸਲੀ ਪ੍ਰਣਾਲੀ ਵਿਚ ਚੰਗੀ ਰਹਿੰਦੀ ਹੈ ।

**ਮੌਸਮ ਅਤੇ ਜ਼ਮੀਨ** : ਆਲੂ ਦੀ ਫਸਲ ਅਨੁਕੂਲ ਮਿੱਟੀ ਅਤੇ ਮੌਸਮ ਵਿਚ ਉੱਚ ਉਪਜ ਪੈਦਾ ਕਰਨ ਦੇ ਸਮਰੱਥ ਹੈ । ਆਲੂ ਦੇ ਜ਼ਮੀਨ ਵਿਚ ਵਿਕਾਸ ਦੌਰਾਨ ਤਾਪਮਾਨ ਦਾ ਫਸਲ ਦੇ ਝਾੜ ਉੱਪਰ ਅਸਰ ਪੈਂਦਾ ਹੈ । ਧੁੱਪ ਵਾਲੇ ਦਿਨ ਅਤੇ ਠੰਡੀਆਂ ਰਾਤਾਂ ਵਿਚ ਆਲੂ ਦਾ ਚੰਗਾ ਵਿਕਾਸ ਹੁੰਦਾ ਹੈ । ਆਲੂ ਦੀ ਚੰਗੀ ਪੈਦਾਵਾਰ ਲੈਣ ਲਈ ਦਿਨ ਦਾ ਤਾਪਮਾਨ 30°C ਅਤੇ ਰਾਤ ਦਾ ਤਾਪਮਾਨ 20°C ਤੋਂ ਵੱਧ ਨਹੀਂ ਹੋਣਾ ਚਾਹੀਦਾ । ਇਸ ਤਰ੍ਹਾ ਠੰਡ ਅਤੇ ਨਮੀਂ ਵਾਲੇ ਹਾਲਾਤ ਵਿਚ ਆਲੂ ਦੇ ਸ਼ੁਰੂਆਤੀ ਵਿਕਾਸ ਲਈ ਬਹੁਤ ਜ਼ਰੂਰੀ ਹਨ । ਆਲੂ ਨੂੰ ਕੱਲਰ, ਮਾੜੇ ਨਿਕਾਸ ਵਾਲੀ ਅਤੇ ਬਹੁਤ ਜ਼ਿਆਦਾ ਭਾਰੀ ਜ਼ਮੀਨ ਨੂੰ ਛੱਡ ਕੇ ਵੱਖ-ਵੱਖ ਤਰ੍ਹਾਂ ਦੀਆਂ ਜ਼ਮੀਨਾਂ ਵਿਚ ਉਗਾਇਆ ਜਾ ਸਕਦਾ ਹੈ । ਚੰਗੇ ਨਿਕਾਸ ਵਾਲੀ, ਡੂੰਘੀ ਅਤੇ ਭੁਰਭੁਰੀ ਮੈਰਾ ਤੋਂ ਰੇਤਲੀ ਮੈਰਾ ਆਲੂ ਦੀ ਕਾਸ਼ਤ ਲਈ ਢੁੱਕਵੀਂ ਹੈ । ਆਲੂਆਂ ਦੀ ਕਾਸ਼ਤ ਲਈ ਖਾਰੀ ਅੰਗ (ਪੀ.ਐੱਚ) 5.5-8.0 ਦੇ ਵਿਚਕਾਰ ਹੋਣਾ ਚਾਹੀਦਾ ਹੈ ।

**ਫਸਲ ਦਾ ਬੀਜ** : ਆਲੂ ਦੀ ਫਸਲ ਦਾ ਬੀਜ ਭਰੋਸੇਯੋਗ ਵਸੀਲੇ ਤੋਂ ਖਰੀਦੋ । ਪੁਰਾਣੇ ਬੀਜ ਨੂੰ ਲਗਾਤਾਰ ਬੀਜਣ ਨਾਲ ਪੈਦਾਵਾਰ ਵਿਚ ਕਮੀ ਆ ਜਾਂਦੀ ਹੈ । ਇਸ ਲਈ 3-4 ਸਾਲ ਬਾਅਦ ਪੁਰਾਣੇ ਬੀਜ ਨੂੰ ਨਵੇਂ ਨਾਲ ਬਦਲ ਦੇਣਾ ਚਾਹੀਦਾ ਹੈ । ਪੱਤਝੜ ਰੁੱਤ ਦੇ ਆਲੂ ਲਈ 40-50 ਗਰਾਮ ਭਾਰ ਦੇ ਆਲੂ ਦਾ 13-18 ਕੁਇੰਟਲ ਰੋਗ ਰਹਿਤ ਬੀਜ ਇਕ ਏਕੜ ਲਈ ਵਰਤਣਾ ਚਾਹੀਦਾ ਹੈ । ਆਲੂ ਨੂੰ ਖਰੀਂਢ ਰੋਗ ਤੋਂ ਮੁਕਤ ਕਰਨ ਲਈ ਬੀਜ ਨੂੰ 80 ਮਿ.ਲਿ. ਸਿਸਟੀਵਾ ਜਾਂ 83 ਮਿ.ਲਿ. ਇਮੈਸਟੋ ਪ੍ਰਾਈਮ ਜਾਂ 250 ਮਿ.ਲਿ. ਮੋਨਸਰਨ ਨੂੰ 100 ਲਿਟਰ ਪਾਣੀ ਵਿਚ ਘੋਲ ਕੇ 10 ਮਿੰਟ ਲਈ ਡੁਬੋ ਕੇ ਰੱਖੋ । ਸਰਦ ਖਾਨਿਆਂ ਵਿੱਚੋਂ ਕੱਢ ਕੇ ਬੀਜ ਨੂੰ ਸਿੱਧਾ ਨਹੀਂ ਬੀਜਣਾ ਚਾਹੀਦਾ ਹੈ । ਇਸ ਦੇ ਪੱਖੇ ਵਿਚ ਸੁਕਾ ਕੇ 8-10 ਦਿਨ ਲਈ ਠੰਢੀ ਥਾਂ ਤੇ ਸੁਕਾਅ ਕੇ ਫੋਟ ਉਪਰੰਤ ਖੇਤ ਵਿਚ ਬੀਜੋ ।

**ਬਿਜਾਈ ਦਾ ਤਰੀਕਾ ਅਤੇ ਸਮਾਂ** : ਖੇਤ ਦੀ ਚੰਗੀ ਤਿਆਰੀ ਉਪਰੰਤ ਬਿਜਾਈ ਲਈ ਮਸ਼ੀਨ ਦੀ ਉਪਲਬਧਤਾ ਅਨੁਸਾਰ ਵੱਟ ਤੋਂ ਵੱਟ ਅਤੇ ਆਲੂ ਤੋਂ ਆਲੂ ਦਾ ਫਾਸਲਾ 65×18.5 ਜਾਂ 75×15 ਸੈਂਟੀਮੀਟਰ ਰੱਖੋ । ਦੱਖਣ ਪੱਛਮ ਜ਼ਿਲਿਆਂ ਵਿਚ 50-55 ਸੈਂਟੀਮੀਟਰ ਚੌੜੇ ਬੈੱਡਾਂ ਉੱਪਰ ਦੋ ਕਤਾਰਾਂ ਵਿਚ ਬਿਜਾਈ ਕਰਨ ਨਾਲ ਵੱਧ ਝਾੜ ਅਤੇ ਪਾਣੀ ਦੀ ਬਚਤ ਹੁੰਦੀ ਹੈ । ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਪੱਤਝੜ ਦੀ ਫਸਲ ਦੀ ਬਿਜਾਈ ਦਾ ਅਨੁਕੂਲ ਸਮਾਂ ਅਖੀਰ ਸਤੰਬਰ ਦਾ ਅਖੀਰਲੇ ਹਫਤੇ ਤੋਂ ਅੱਧ ਅਕਤੂਬਰ ਅਤੇ ਬਹਾਰ ਰੁੱਤ ਦੀ ਫਸਲ ਲਈ ਜਨਵਰੀ ਦਾ ਪਹਿਲਾ ਪੰਦਰਵਾੜਾ ਹੈ ।

**ਪੌਸ਼ਟਿਕ ਤੱਤਾਂ ਦਾ ਪ੍ਰਬੰਧ** : ਆਲੂ ਦੀ ਚੰਗੀ ਪੈਦਾਵਾਰ ਅਤੇ ਪੌਸ਼ਟਿਕ ਤੱਤਾਂ ਦੀ ਪੂਰਤੀ ਲਈ ਢੁਕਵੀਂ ਮਾਤਰਾ ਵਿਚ ਖਾਦ ਪਾਉਣੀ ਚਾਹੀਦੀ ਹੈ । ਨਾਈਟ੍ਰੋਜਨ ਤੱਤ ਦੀ ਲੋੜੀਂਦੀ ਵਰਤੋਂ ਆਲੂਆਂ ਦੇ ਵਿਕਾਸ ਲਈ ਜ਼ਰੂਰੀ ਹੈ । ਨਾਈਟ੍ਰੋਜਨ ਤੱਤ ਦੀ ਲੋੜੀ ਤੋਂ ਜ਼ਿਆਦਾ ਵਰਤੋਂ ਨਾਲ ਆਲੂ ਦੇ ਝਾੜ ਵਿਚ ਕਮੀਂ, ਖੁਸ਼ਕ ਪਦਾਰਥ ਦਾ ਘਟਣਾ ਆਲੂ ਦੀ ਬਣਤਰ ਵਿਚ ਦੇਰੀ ਅਤੇ ਸਟੋਰੇਜ ਸਮਰੱਥਾ ਵਿਚ ਕਮੀ ਆ ਜਾਂਦੀ ਹੈ । ਫਾਸਫੋਰਸ ਵਿਚ ਜ਼ਰੂਰੀ ਤੱਕ ਹੈ, ਜੋ ਕਿ ਜੜ੍ਹਾਂ ਦੇ ਵਿਕਾਸ, ਬੂਟੇ ਵਿਚ ਤੱਤ ਲੈਣ ਅਤੇ ਉਹਨਾਂ ਦੇ ਬੂਟੇ ਅੰਦਰ ਆਵਾਜਾਈ ਲਈ ਤਾਕਤ ਪ੍ਰਦਾਨ ਕਰਦਾ ਹੈ । ਪੋਟਾਸ਼ੀਅਮ ਤੱਤ ਵਿਕਾਸ ਦੇ ਬਾਅਦ ਦੇ ਪੜਾਵਾਂ ਦੌਰਾਨ ਪੱਤੇ ਤੇ ਖੇਤਰ ਅਤੇ ਆਲੂ ਦੇ ਵਾਧੇ ਦੇ ਸਮੇਂ ਨੂੰ ਵਧਾਉਂਦਾ ਹੈ ।

ਆਲੂ ਵਿਚ ਕੈਂਸਰਸ਼ੀਅਮ (4 ਕਿਲੋ ਪ੍ਰਤੀ ਏਕੜ) ਨੂੰ 10 ਕਿਲੋ ਰੂੜੀ ਜਾਂ ਮਿੱਟੀ ਵਿਚ ਮਿਲਾ ਕੇ ਵਰਤੋਂ ਕਰਨੀ ਚਾਹੀਦੀ ਹੈ । ਜੂਨ ਦੇ ਅਖੀਰ ਜਾਂ ਜੁਲਾਈ ਦੇ ਪਹਿਲੇ ਹਫਤੇ ਵਿਚ 20 ਕਿਲੋ ਸਣ ਜਾਂ ਢੈਂਚਾ ਬੀਜੋ ਅਤੇ 7-8 ਹਫਤਿਆਂ ਬਾਅਦ ਖੇਤ ਵਿਚ ਵਾਹ ਦਿਓ । ਆਲੂ ਦੀ ਫਸਲ ਵਿਚ 20 ਟਨ ਰੂੜੀ ਜਾਂ ਹਰੀ ਖਾਦ ਦੇ ਨਾਲ 75 ਕਿਲੋ ਨਾਈਟ੍ਰੋਜਨ (165 ਕਿਲੋ ਯੂਰੀਆ), 25 ਕਿਲੋ ਫਾਸਫੋਰਸ (155 ਕਿਲੋ ਸਿੰਗਲ ਸੁਪਰ ਫਾਸਫੇਟ) ਅਤੇ 25 ਕਿਲੋ ਪੋਟਾਸ਼ (40 ਕਿਲੋ ਮਿਊਰੇਟ ਆਫ ਪੋਟਾਸ਼) ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ । ਨਾਈਟ੍ਰੋਜਨ ਦੀ ਅੱਧੀ ਖੁਰਾਕ ਬਿਜਾਈ ਵੇਲੇ ਅਤੇ ਬਾਕੀ ਬਚਦੀ ਖੁਰਾਕ ਨੂੰ ਮਿੱਟੀ ਚੜ੍ਹਾਉਣ (ਬਿਜਾਈ ਤੋਂ 20-25 ਦਿਨ ਬਾਅਦ) ਸਮੇਂ ਪਾਓ, ਸਾਰੀ ਫਾਸਫੋਰਸ ਅਤੇ ਪੋਟਾਸ਼ ਨੂੰ ਬਿਜਾਈ ਦੇ ਸਮੇਂ ਪਾਓ । ਗੰਧਕ ਦੀ ਲੋੜ ਨੂੰ ਪੂਰਾ ਕਰਨ ਲਈ ਬਿਜਾਈ ਤੋਂ ਪਹਿਲਾਂ 75 ਕਿਲੋ ਜਿਪਸਮ ਜਾਂ 13.3 ਕਿਲੋ ਬੈਂਟੋਨਾਈਟ-ਸਲਫਰ (90%)

ਬਾਕੀ ਸਫਾ 6 'ਤੇ



# ਬੱਝੇ ਨਾ ਵੱਟ, ਮਿਟੇ ਨਾ ਫੱਟ

ਜੋ ਪੁਰਾਣੀਆਂ ਅਖਾਣਾ ਵਿਚ ਹਜ਼ਾਰਾਂ ਵਰ੍ਹਿਆਂ ਤੋਂ ਸੱਚ ਝਲਕਦਾ ਹੈ ਜੋ ਸਾਡੇ ਵੱਡ ਵਡੇਰਿਆਂ ਨੇ ਅਖਾਉਤਾਂ ਘੜੀਆਂ ਹਨ, ਸਭ ਸੱਚਾਈ ਦੀਆਂ ਪ੍ਰਤੀਕ ਹਨ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਜੇਹੜੀਆਂ ਵੱਟਾਂ ਖੇਤਾਂ ਨੂੰ ਵੱਖਰਾ ਵੱਖਰਾ ਕਰਦੀਆਂ ਹਨ। ਵੱਟਾਂ ਤੋਂ ਨਜ਼ਰਸਾਨੀ ਖੇਤਾਂ ਨੂੰ ਪਾਣੀ ਲਾਉਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਪਾਣੀ ਦੀ ਮਾਰ ਅਨੁਸਾਰ ਵੱਟਾਂ ਵੱਡੀਆਂ ਛੋਟੀਆਂ ਪਾਈਆਂ ਜਾਂਦੀਆਂ ਹਨ। ਜਿਆਦਾ ਮਾਰ ਕਾਰਨ ਕਿਆਰੇ ਚੌੜੇ ਪਾ ਕੇ ਮਜ਼ਬੂਤ ਕਰੀਆਂ ਜਾਂਦੀਆਂ ਹਨ। ਜੇ ਪਾਣੀ ਦੀ ਮਾਰ ਘੱਟ ਹੋਵੇ ਤਾਂ ਕਿਆਰੇ ਘੱਟ ਚੌੜੇ ਬਣਾਏ ਜਾਂਦੇ ਹਨ। ਜੇ ਵੱਟਾਂ ਕਮਜ਼ੋਰ ਹੋਣ ਤਾਂ ਵੀ ਕੰਮ ਚੱਲ ਜਾਂਦਾ ਹੈ। ਸੂਝਵਾਨ ਆਦਮੀ ਕਾਮਿਆਂ ਨੂੰ ਹਦਾਇਤਾਂ ਦੇਂਦੇ ਹਨ ਅਜ ਪਾਣੀ ਦੀ ਰਾਤ ਦੀ ਵਾਰੀ ਹੈ ਮੂੰਹ ਵੱਟਾਂ ਤੱਕੜੀਆਂ ਕਰ ਲਵੋ ਪਾਣੀ ਚੋਰ ਹੁੰਦਾ ਹੈ। ਵੱਟਾਂ ਬੱਝੀਆਂ ਵੀ ਖੁਰ ਜਾਂਦੀਆਂ ਹਨ। ਕਿਸਾਨ ਨੂੰ ਵੱਟਾਂ ਚੰਗੀ ਤਰ੍ਹਾਂ ਬੰਨਣੀਆਂ ਪੈਂਦੀਆਂ ਹਨ।

ਸਰੀਰ ਤੇ ਡੂੰਘਾ ਜਖਮ ਹੋਣ ਨੂੰ ਫੱਟ ਕਹਿੰਦੇ ਹਨ ਅਤੇ ਫੱਟ ਵਿਚੋਂ ਖੂਨ ਨਿਕਲਦਾ ਹੈ। ਪੱਟੀ ਬੰਨੇ ਬਗੈਰ ਖੂਨ ਬੰਦ ਨਹੀਂ ਹੁੰਦਾ, ਵੱਡਾ ਫੱਟ ਹੋਵੇ ਪੁਰਾਤਨ ਸਮੇਂ ਘੁੱਟ ਕੇ ਬੰਨ ਦਿੱਤਾ ਜਾਂਦਾ ਸੀ। ਪੁਰਾਤਨ ਸਮੇਂ ਦਾਤੀ ਵੱਜ ਜਾਣੀ ਤਾਂ ਉੱਪਰ ਪਿਸ਼ਾਬ ਕਰ ਲਿਆ ਜਾਂਦਾ ਸੀ ਤੇ ਖੂਨ ਉਸੇ ਵੇਲੀ ਅਰਾਮ ਆ ਜਾਂਦਾ ਸੀ, ਜਲਦੀ ਜ਼ਖਮ ਹਟ ਜਾਂਦਾ ਸੀ। ਫਟ ਬੰਨੇ ਬਗੈਰ ਛੇਤੀ ਰਾਜ਼ੀ ਨਹੀਂ ਸੀ ਹੁੰਦਾ। ਅਖੀਰ ਵਿਚ ਇਥੇ ਮੈਂ ਇਹ ਹੀ ਲਿਖਦਾ ਹਾਂ। ਜੇ ਇਹਨਾਂ ਅਖਾਉਤਾਂ ਚੋਂ ਨਿਕਲਦੀ ਸਚਾਈ ਤੇ ਅਮਲ ਨਹੀਂ ਕਰਾਂਗੇ ਤਾਂ ਘਾਟਾ ਹੀ ਖਾਵਾਂਗੇ। ਸਿਆਣਿਆਂ ਦੀ ਕਥੀਆਂ ਗੱਲਾਂ ਦਾ ਨੌਜਵਾਨਾਂ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਇਸ ਦਾ ਨੁਕਸਾਨ ਨਹੀਂ ਹੋਵੇਗਾ। ਸਮਾਂ ਬੀਤਿਆ ਔਲੇ ਖਾਧੇ ਦਾ ਸਵਾਦ ਦਾ ਇਲਮ ਹੋ ਜਾਵੇਗਾ।

## ਦੌਣਾਂ ਕੱਸ ਕੇ ਰੱਖਦੇ ਪੁਰਾਤਨ ਬਜ਼ੁਰਗ

ਢਿੱਲੇ ਮੰਜੇ ਤੋਂ ਬਜ਼ੁਰਗ ਬਹੁਤ ਗੁੱਸੇ ਹੁੰਦੇ ਸਨ। ਉਹਨਾਂ ਦੀ ਸੋਚ ਵਿਗਿਆਨਕ ਸੀ ਜਾਂ ਪਰਵਾਰ ਦੀ ਖੁਸ਼ਹਾਲੀ ਦਾ ਪ੍ਰਤੀਕ ਮੰਨਦੇ ਸਨ ਕਈ ਵਾਰ ਦਾ ਅਵੇਸਲਾਪਣ, ਆਲਸ, ਅਲਗਰੀ ਦੀ ਨਿਸ਼ਾਨੀ ਮੰਨਦੇ ਸਨ। ਕਈ ਬਜ਼ੁਰਗ ਇਉਂ ਵੀ ਕਹਿੰਦੇ ਸਨ। ਜੇ ਕਿਸੇ ਘਰ ਦੀ ਹਿੰਮਤ ਤੇ ਮੇਹਨਤ ਵੇਖਣੀ ਤਾਂ ਮੰਜੇ ਤੇ ਖੁਰਲੀਆਂ ਤੇ ਥੋੜ੍ਹੀ ਜਿਹੀ ਝਾਤ ਮਾਰ ਲਉ। ਮੰਜਿਆਂ ਦੀਆਂ ਦੌਣਾਂ ਢਿੱਲੀਆਂ ਤੇ ਰੱਸੀਆਂ ਲਮਕ ਰਹੀਆਂ ਹੋਣਗੀਆਂ ਅਤੇ ਖੁਰਲੀਆਂ ਦੀਆਂ ਇੱਟਾ ਪੱਟੀਆਂ ਹੋਣਗੀਆਂ ਤੇ ਪਸ਼ੂਆਂ ਦੇ ਪੱਠੇ ਬਾਹਰ ਡੁੱਲੇ ਹੋਣਗੇ। ਉਹ ਬਾਬੇ ਇਸ ਪਰਿਵਾਰ ਨੂੰ ਪੱਛੜੇਪਣ ਤੇ ਮੰਦਹਾਲੀ ਦਾ ਸਬੂਤ ਸਮਝ ਕੇ ਕਹਿ ਦਿੰਦੇ ਸਨ ਕਿ ਸੌਰਿਓ ਥੋੜਾ ਬਹੁਤ ਹੱਥ ਹਲਾ ਲਿਆ ਕਰੋ।

ਕਿਸੇ ਧੀ ਭੈਣ ਦੇ ਰਿਸ਼ਤੇ ਸਮੇਂ ਸਭ ਤੋਂ ਪਹਿਲਾਂ ਇਹਨਾਂ ਅਜਿਹੀਆਂ ਚੀਜ਼ਾਂ ਦੀ ਨਿਰਖ ਕਰੀ ਜਾਂਦੀ ਸੀ। ਖਾਸ ਕਰ ਘਰ ਦੀਆਂ ਕੱਚੀਆਂ ਕੰਧਾਂ ਦੇ ਡਿੰਗੇ ਲਿਉੜ ਅਤੇ ਢਹੇ ਹੋਏ ਚੁੱਲੇ ਵਾਲੇ ਘਰ ਵਿਚ ਰਿਸ਼ਤੇਦਾਰੀ ਪਾਉਣ ਤੇ ਆਨਾ ਕਾਨੀ ਕਰਦੇ ਵਰਜ ਦਿੰਦੇ ਸਨ। ਪੁਰਾਤਨ ਬਾਬੇ ਮੰਜੇ ਤੇ ਬੈਠਣ ਤੋਂ ਪਹਿਲਾਂ ਮੰਜਾ ਨੱਪ ਵੇਖ ਲੈਂਦੇ ਸਨ ਜੇ ਉਹਨਾਂ ਨੂੰ ਢਿੱਲਾ ਲਗਿਆ ਤਾਂ ਕਹਿਣ ਤੋਂ ਗੁਰੇਜ ਨਾ ਕਰਦੇ ਅਤੇ ਭਾਈ ਇਹਨਾਂ ਨੂੰ ਮਾੜਾ ਮੋਟਾ ਹੱਥ ਲਾ ਲਿਆ ਕਰੋ ਕਸਿਆ ਮੰਜਾ ਦੇਰ ਨਾਲ ਟੁਟਦਾ ਹੈ। ਹੰਢਣਸਾਰ ਬਣ ਜਾਂਦਾ ਹੈ। ਜਾਂ ਫੇਰ ਜਲਦੀ ਜਲਦੀ ਪੈਂਦ ਨੂੰ ਕੱਸਣ ਲੱਗ ਜਾਂਦੇ ਸਨ, ਕਹਿ ਦਿੰਦੇ ਰਾਤ ਸੌਖੀ ਨਿਕਲੇਗੀ। ਲਿਖਣ ਨੂੰ ਬਹੁਤ ਜ਼ਿਆਦਾ ਲਿਖਿਆ ਜਾ ਸਕਦਾ ਹੈ ਪਰ ਉਹਨਾਂ ਦੀਆਂ ਵਿਉਂਤਾਂ ਜ਼ਿੰਦਗੀ ਵਿਚ ਮਾਰਗ ਦਰਸ਼ਨ ਬਣਦੀਆਂ ਹਨ। ਕਦੇ ਉਹਨਾਂ ਦੇ ਸੁਪਨੇ ਵਿਚ ਸੱਚੀਆਂ ਸਖਸ਼ੀਅਤ ਦੇ ਦਰਸ਼ਨ ਹੋ ਜਾਣ ਜੀਵਨ ਆਪਣੇ ਆਪ ਹੀ ਸਫਲ ਹੋ ਜਾਵੇਗਾ।

# ਮਿੱਠਾ ਇਨਕਲਾਬ ਹੈ ਸਟੀਵੀਆ

ਸ਼ੂਗਰ, ਚਮੜੀ, ਪੇਟ ਰੋਗ, ਬੀ. ਪੀ. ਵਧਣਾ ਜਾਂ ਘਟਣਾ, ਪਤਾ ਨਹੀਂ ਕਿੰਨੀਆਂ ਬਿਮਾਰੀਆਂ ਸਾਡੇ ਉੱਤੇ ਭਾਰੂ ਹੋ ਚੁੱਕੀਆਂ ਹਨ। ਸਮੱਸਿਆ ਕਿਤੇ ਨਹੀਂ ਘੱਟ ਰਹੀ, ਰੋਗਾਂ ਦਾ ਵਾਧਾ ਹੀ ਹੋ ਰਿਹਾ ਹੈ। ਹਸਪਤਾਲਾਂ ਵਿੱਚ ਮਰੀਜ਼ਾਂ ਦਾ ਭਾਰੀ ਇਕੱਠ ਇਸ ਗੱਲ ਦਾ ਜਿਉਂਦਾ ਜਾਗਦਾ ਸਬੂਤ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਬਿਨਾਂ ਸੋਚੇ ਸਮਝੇ ਖਾਣਾ ਪੀਣਾ ਅਤੇ ਸਿਹਤ ਪ੍ਰਤੀ ਲਾਹਪ੍ਰਵਾਹੀ ਹੀ ਹੈ। ਲਗਾਤਾਰ ਬੀਮਾਰੀਆਂ ਵਿੱਚ ਵਾਧਾ ਅਫਸੋਸ ਦੀ ਗੱਲ ਹੈ। ਹਰ ਖਾਣ ਵਾਲੀ ਚੀਜ਼ ਵਿਚਲੇ ਖੁਰਾਕੀ ਤੱਤਾਂ ਬਾਰੇ ਆਪਾਂ ਨੂੰ ਜਾਣਕਾਰੀ ਜ਼ਰੂਰ ਲੈਣੀ ਚਾਹੀਦੀ ਹੈ। ਇਨ੍ਹਾਂ ਖਾਣ ਵਾਲੇ ਪਦਾਰਥਾਂ ਵਿੱਚੋਂ ਆਪਾਂ ਚੀਨੀ ਬਾਰੇ ਬਹੁਤ ਅਣਜਾਣ ਹਾਂ। ਚੀਨੀ ਦੇ ਆਪਣੇ ਸਰੀਰ ਨੂੰ ਬਹੁਤ ਨੁਕਸਾਨ ਹਨ। ਇਹ ਇਕ ਮਿੱਠਾ ਅਤੇ ਧੀਮਾ ਜ਼ਹਿਰ ਹੈ। ਚੀਨੀ ਨੂੰ ਆਪਾਂ ਚਿੱਟਾ ਜ਼ਹਿਰ ਵੀ ਕਹਿ ਸਕਦੇ ਹਾਂ। ਇਸ ਤੋਂ ਸਰੀਰ ਦੇ ਜ਼ਰੂਰੀ ਅੰਗ ਜਿਵੇਂ ਹੱਡੀਆਂ, ਦਿਲ, ਦਿਮਾਗ, ਲਿਵਰ ਆਦਿ ਦੀ ਕ੍ਰਿਆ ਉੱਤੇ ਬਹੁਤ ਪ੍ਰਭਾਵ ਪਾਉਂਦੀ ਹੈ। ਚੀਨੀ ਨੂੰ ਚਮਕਦਾਰ ਬਣਾਉਣ ਵਾਸਤੇ ਇਸ ਵਿੱਚ ਸਲਫਰ ਡਾਇਆਕਸਾਈਡ, ਫਾਸਫੋਰਿਕ ਐਸਿਡ, ਕੈਲਸ਼ੀਅਮ, ਐਕਟੀਵੇਟਡ ਕਾਰਬਨ ਆਦਿ ਰਸਾਇਣਿਕ ਪਦਾਰਥਾਂ ਵੀ ਵਰਤੋਂ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਤੇਜ਼ ਤਾਪਮਾਨ ਉੱਤੇ ਗਰਮ ਕਰ ਕੇ ਬਹੁਤ ਠੰਢੀ ਹਵਾ ਵਿੱਚ ਸੁਕਾਇਆ ਜਾਂਦਾ ਹੈ। ਇਸ ਪ੍ਰਕਿਰਿਆ ਵਿੱਚ ਇਸ ਦੇ ਸਾਰੇ ਪੌਸ਼ਟਿਕ ਤੱਤ, ਖਣਿਜ, ਪ੍ਰੋਟੀਨ, ਵਿਟਾਮਿਨ ਖਤਮ ਹੋ ਜਾਂਦੇ ਹਨ। ਇਸੇ ਕਰ ਕੇ ਇਸ ਨੂੰ ਧੀਮਾ ਜ਼ਹਿਰ ਕਹਿ ਸਕਦੇ ਹਾਂ। ਇਹ ਆਪਣੇ ਸਰੀਰ ਦੇ ਅਨੁਕੂਲ ਨਹੀਂ ਹੈ। ਆਪਾਂ ਨੂੰ ਸਮਝਦਾਰ ਬਣ ਕੇ, ਕੁਦਰਤੀ ਚੀਜ਼ਾਂ ਜੋ ਕੁਦਰਤ ਦੀ ਗੋਦ ਵਿੱਚ ਲੁਕੀਆਂ ਪਈਆਂ ਹਨ, ਉਨ੍ਹਾਂ ਵੱਲ ਧਿਆਨ ਦੇਣਾ ਪਵੇਗਾ। ਇਸੇ ਤਰ੍ਹਾਂ ਰਿਫਾਈਂਡ ਤੇਲ, ਫਾਸਟ ਫੂਡ, ਚਾਕਲੇਟ ਕਈਂ ਚੀਜ਼ਾਂ ਹਨ, ਜੋ ਇਸੇ ਤਰ੍ਹਾਂ ਦੀਆਂ ਪ੍ਰਕ੍ਰਿਆਵਾਂ ਵਿੱਚੋਂ ਹੋ ਕੇ ਲੰਘਦੀਆਂ ਹਨ ਜਿਨ੍ਹਾਂ ਦੇ ਸੇਵਨ ਕਾਰਨ ਅੱਜ ਆਪਾਂ ਨੂੰ ਲਾਇਲਾਜ ਬਿਮਾਰੀਆਂ ਦੀ ਚਪੇਟ ਵਿੱਚ ਲੈ ਰਹੀਆਂ ਹਨ। ਡਾਕਟਰਾਂ ਲਈ ਕਈ ਬੀਮਾਰੀਆਂ ਹਾਲੇ ਵੀ ਅਬੁੱਝ ਬਣੀਆਂ ਹੋਈਆਂ ਹਨ ਜੋ ਸਰੀਰ ਦਾ ਸਤਿਆਨਾਸ ਕਰ ਰਹੀਆਂ ਹਨ। ਬੀਮਾਰੀਆਂ ਵਧਣ ਦਾ ਇਕੋ



ਕਾਰਨ ਹੈ ਗਲਤ ਖਾਣ ਪੀਣ ਅਤੇ ਬਿਨਾਂ ਸੋਚੇ, ਸਮਝੇ ਅਤੇ ਪਰਖੇ ਖਾਣਾ। ਵਪਾਰੀਆਂ ਦੀ ਮਿਲੀ ਭੁਗਤ ਅਤੇ ਸੋਹਣੇ-ਸੋਹਣੇ ਹੋਟਲਾਂ ਦੀ ਚਮਕ-ਦਮਕ ਸਾਡਾ ਦਿਮਾਗ ਖਰਾਬ ਕਰ ਕੇ, ਅਜਿਹੇ ਜ਼ਹਿਰਾਂ ਨੂੰ ਟੌਹਰ ਨਾਲ ਖਾਣ ਲਈ ਮੱਲੋ ਮੱਲੀ ਮਜ਼ਬੂਰ ਕਰ ਦਿੰਦੀ ਹੈ।

ਸੋ ਕੁਦਰਤ ਨੂੰ ਅਪਣਾਓ, ਸੁਆਦ-ਸੁਆਦ ਵਿੱਚ ਆਪਣੀ ਜਾਣ ਜ਼ੋਖਮ ਵਿੱਚ ਨਾ ਪਾਓ। ਚੀਨੀ ਦੀ ਥਾਂ ਸ਼ੱਕਰ, ਗੁੜ, ਦੀ ਥਾਂ ਸਰ੍ਹੋਂ ਦਾ ਤੇਲ, ਆਈਓ ਡੀਨ ਨਮਕ ਦੀ ਥਾਂ ਸੇਂਧਾ ਨਮਕ ਆਪਣੀ ਰਸੋਈ ਦਾ ਸ਼ਿੰਗਾਰ ਬਣਾਓ। ਅੱਜ ਅਸੀਂ ਕੁਦਰਤ ਦੀ ਦੇਣ ਮਿੱਠੀ ਸਟੀਵੀਆ ਦੀ ਗੱਲ ਕਰ ਰਹੇ ਹਾਂ। ਸਟੀਵੀਆ ਦੀ ਮਿਠਾਸ ਚੀਨੀ ਨਾਲੋਂ 300 ਗੁਣਾਂ ਜ਼ਿਆਦਾ ਹੁੰਦੀ ਹੈ। ਇਕ ਚੁਟਕੀ ਪਾਊਡਰ ਇਕ ਚਮਚ ਚੀਨੀ ਦਾ ਮੁਕਾਬਲਾ ਕਰਦਾ ਹੈ। ਇਹ ਐਂਟੀਆਕਸੀਡੈਂਟ ਫਾਈਬਰ, ਪ੍ਰੋਟੀਨ, ਲੋਹਾ, ਪੋਟਾਸ਼ੀਅਮ, ਮੈਗਨੀਸ਼ੀਅਮ, ਸੋਡੀਅਮ, ਵਿਟਾਮਿਨ-ਏ, ਸੀ ਨਾਲ ਭਰਪੂਰ ਹੈ। ਦੁਨੀਆਂ ਵਿੱਚ ਕਿਤੇ ਵੱਧ ਘੱਟ ਹੁੰਦਾ ਹੈ। ਜਾਪਾਨ ਵਿੱਚ ਇਹ ਬਹੁਤ ਹੁੰਦਾ ਹੈ। ਜਾਪਾਨ ਵਿੱਚ ਇਹ ਬਹੁਤ ਸਮੇਂ ਤੋਂ ਉਪਲੱਬਧ ਹੈ। ਭਾਰਤ ਵਿੱਚ ਜਿਵੇਂ-ਜਿਵੇਂ ਇਸ ਦੀ ਜਾਣਕਾਰੀ ਮਿਲਦੀ ਗਈ, ਲੋਕੀਂ ਇਸ ਦੀ ਖੇਤੀ ਵਲ ਜਾਗਰੂਕ ਹੁੰਦੇ ਗਏ। ਨਵਾਂ ਸ਼ਹਿਰ ਵਿੱਚ ਰਾਜਪਾਲ ਗਾਂਧੀ ਜੀ ਇਸ ਦੀ ਬੇਮਿਸਾਲ ਉਦਾਹਰਣ ਹਨ। ਇਸ ਨੂੰ ਆਪਾਂ ਮਿੱਠਾ ਇੰਕਲਾਬ ਵੀ ਕਹਿ ਸਕਦੇ ਹਾਂ ਜੋ ਸਮੇਂ ਦੀ ਜ਼ਰੂਰਤ ਵੀ ਹੈ।

ਕਿਸਾਨੀ ਅੱਜ ਜਿਹੜੇ ਦੌਰ ਵਿੱਚੋਂ ਲੰਘ ਰਹੀ ਹੈ, ਕਿਸਾਨ ਦੀ ਆਮਦਨ ਅਤੇ ਆਰਥਿਕ ਹਾਲਤ ਬਹੁਤ ਮੰਦੀ ਹੈ। ਪਾਣੀ ਦੇ ਲੈਵਲ ਦੀ ਵਧਦੀ ਸਮੱਸਿਆ, ਝੋਨੇ ਅਤੇ ਕਣਕ ਦੇ ਬਦਲ ਲਈ ਬਹੁਤ ਵਧੀਆ ਰਾਹ ਹੈ। ਇਕ ਵਾਰ ਜੇਕਰ ਇਸ ਦੀ ਖੇਤੀ ਕੀਤੀ ਜਾਵੇ ਤਾਂ ਪੰਜ ਸਾਲ ਆਪਾਂ ਇਸ ਤੋਂ ਮੁਨਾਫਾ ਅਤੇ ਫਸਲ ਲੈ ਸਕਦੇ ਹਾਂ। ਹਰ ਤਿੰਨ ਮਹੀਨੇ ਬਾਅਦ ਇਸ ਦੀ ਕਟਾਈ ਹੁੰਦੀ ਹੈ। ਇਸ ਨੂੰ ਬਰਸੀਮ ਵਾਂਗ ਕਟਦੇ ਹਾਂ। ਇਸ ਨੂੰ ਜੜ੍ਹ ਤੋਂ ਥੋੜਾ ਉਪਰੋਂ ਕਟਿਆ ਜਾਂਦਾ ਹੈ। ਇਸ ਦੀਆਂ ਸਾਲ ਵਿੱਚ ਤਿੰਨ ਫਸਲਾਂ ਤੋਂ ਅਸੀਂ 1500 ਕਿਲੋ ਪੱਤੇ ਪ੍ਰਤੀ ਏਕੜ ਲੈ ਸਕਦੇ ਹਾਂ। ਇਸੇ ਦੇ ਸੁੱਕੇ ਪੱਤਿਆਂ ਦਾ ਇੰਟਰਨੈਸ਼ਨਲ ਭਾਅ ਦੋ ਡਾਲਰ ਪ੍ਰਤੀ ਕਿਲੋ ਹੈ। ਲਗਭਗ 120 ਰੁਪਏ ਪ੍ਰਤੀ ਕਿਲੋ ਬਣਦਾ ਹੈ। 120 ਨੂੰ 1500 ਨਾਲ ਗੁਣਾ ਕਰੀਏ ਤਾਂ ਇਕ ਲੱਖ 80 ਹਜ਼ਾਰ ਸਾਲਾਨਾ ਬਣਦਾ ਹੈ। ਇਸ ਉੱਤੇ ਸਪਰੇਆਂ ਵੀ ਨਾ ਮਾਤਰ ਹੀ ਉਪਯੋਗ ਹੁੰਦੀਆਂ ਹਨ। ਇਸ ਨੂੰ ਮਿੱਠੀ ਤੁਲਸੀ, ਕੈਂਡੀ ਲੀਫ, ਮੱਧੂ ਪੱਤਰ, ਸਟੀਵੀਆ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਦੀ ਲੰਬਾਈ ਡੇਢ ਫੁੱਟ ਹੁੰਦੀ ਹੈ। ਜ਼ਮੀਨ ਵਿੱਚੋਂ ਇਹ ਬਹੁਤ ਘੱਟ ਖੁਰਾਕ ਲੈਂਦਾ ਹੈ ਅਤੇ ਜ਼ਮੀਨ ਨੂੰ ਉਪਜਾਊ ਰੱਖਦਾ ਹੈ। ਪਾਣੀ ਦੀ ਲੋੜ 5 ਤੋਂ 7 ਫੀਸਦੀ ਤਕ ਹੁੰਦੀ ਹੈ। ਇਸ ਦੀਆਂ ਟਾਹਣੀਆਂ ਦਾ ਟੋਕਾ ਕਰ ਕੇ ਪਸ਼ੂਆਂ ਨੂੰ ਪਾਇਆ ਜਾ ਸਕਦਾ ਹੈ ਜਿਸ ਨਾਲ ਦੁੱਧ ਵਿੱਚ ਵਾਧਾ ਹੁੰਦਾ ਹੈ। ਕਿਸਾਨਾਂ ਨੂੰ ਇਸ ਦੀ ਥੋੜੀ ਖੇਤੀ ਕਰ ਕੇ ਪ੍ਰਯੋਗ ਕਰਨਾ ਚਾਹੀਦਾ ਹੈ। ਇਹ ਫਸਲ ਵਾਤਾਵਰਣ ਲਈ ਵੀ ਠੀਕ ਹੈ।

ਬਹੁਤ ਸਾਰੀਆਂ ਕੰਪਨੀਆਂ ਮਿੱਠੇ ਦੇ ਤੌਰ ਉੱਤੇ ਇਸ ਨੂੰ ਵਰਤ ਰਹੀਆਂ ਹਨ, ਕਿਉਂਕਿ ਇਸ ਵਿੱਚ ਕੈਲਰੀ ਬਿਲਕੁਲ ਵੀ ਨਹੀਂ ਹੈ। ਕਈਂ ਦੇਸ਼ਾਂ ਵਿੱਚ ਇਸ ਨੂੰ ਮਿੱਠੇ ਦਾ ਬਦਲ ਦੇ ਤੌਰ ਉੱਤੇ ਵਰਤਿਆ ਜਾ ਰਿਹਾ ਹੈ। ਜਾਪਾਨ ਵਿੱਚ ਇਸ ਨੂੰ ਵੱਡੇ ਪੱਧਰ ਉੱਤੇ ਵਰਤਿਆ ਜਾਂਦਾ ਹੈ। ਇਹ ਸ਼ੂਗਰ ਦੇ ਮਰੀਜ਼ਾਂ ਲਈ ਮਿੱਠੇ ਦਾ ਵਧੀਆ ਬਦਲ ਹੈ। ਇਸ ਨਾਲ ਸ਼ੂਗਰ ਕੰਟਰੋਲ ਹੁੰਦੀ ਹੈ। ਗੈਸ ਤੇਜ਼ਾਬ, ਮੋਟਾਪਾ, ਚਮੜੀ ਰੋਗ ਆਦਿ ਰੋਗਾਂ ਵਿੱਚ ਇਹ ਅੰਮ੍ਰਿਤ ਸਮਾਨ ਕੰਮ ਕਰਦਾ ਹੈ। ਇਸ ਨੂੰ ਘਰ ਦੀ ਬਗੀਚੀ ਵਿੱਚ ਲਗਾਓ। ਖੇਤੀਬਾੜੀ ਵਿੱਚ ਵੀ ਤਸੱਲੀ ਬਖ਼ਸ਼ ਅਜ਼ਮਾਇਆ ਜਾ ਸਕਦਾ ਹੈ।

– ਵੈਦ ਬੀ. ਕੇ. ਸਿੰਘ
ਮੋ. 98726–10005

------------ ਬਾਕੀ ਸਫਾ 6 'ਤੇ ------------

# ਆਲੂ ਦੀ ਫਸਲ ਲਈ ਖਾਦਾਂ ਦੀ ਸੁਚੱਜੀ ਵਰਤੋਂ ਕਰੋ

ਪ੍ਰਤੀ ਏਕੜ ਪਾਓ। ਝੋਨੇ ਦੀ ਪਰਾਲੀ ਨੂੰ 25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਮਲਚ ਦੇ ਤੌਰ ਤੇ ਵਰਤਣ ਨਾਲ 18 ਕਿਲੋ ਨਾਈਟ੍ਰੋਜਨ, ਨਦੀਨਾਂ ਦੀ ਰੋਕਥਾਮ ਅਤੇ ਦੋ ਪਾਣੀ ਦੀ ਬਚਤ ਹੁੰਦੀ ਹੈ। ਆਲੂ ਵਿਚ ਬਾਇਓਜ਼ਾਇਮ ਦੇ ਕਿਣਕੇ 8 ਕਿਲੋ ਪ੍ਰਤੀ ਏਕੜ ਬਿਜਾਈ ਸਮੇਂ ਅਤੇ 8 ਕਿਲੋ ਪ੍ਰਤੀ ਏਕੜ ਮਿੱਟੀ ਚੜ੍ਹਾਉਣ ਸਮੇਂ ਪਾਉਣੇ ਚਾਹੀਦੇ ਹਨ। ਇਸ ਤੋਂ ਇਲਾਵਾ 200 ਮਿ.ਲਿ. ਪ੍ਰਤੀ ਏਕੜ ਦੇ ਹਿਸਾਬ ਨਾਲ ਬਾਇਓਜ਼ਾਇਮ ਤਰਲ ਦੀ ਸਪਰੇਅ ਟਿਉਬਰ ਬਣਨ ਦੀ ਸ਼ੁਰੂਆਤ ਤੇ ਕਰਨੀ ਚਾਹੀਦੀ ਹੈ।

**ਨਾਈਟ੍ਰੋਜਨ ਦੀ ਕਮੀ ਦੇ ਲੱਛਣ** : ਨਾਈਟ੍ਰੋਜਨ ਦੀ ਘਾਟ ਨਾਲ ਪੱਤੇ ਛੋਟੇ, ਸਿੱਧੇ ਅਤੇ ਫਿੱਕੇ ਹਰੇ ਅਤੇ ਟਹਿਣੀਆਂ ਪਤਲੀਆਂ ਰਹਿ ਜਾਂਦੀਆਂ ਹਨ। ਪੁਰਾਣਿਆਂ ਪੱਤਿਆਂ ਦਾ ਝੜਨਾ, ਆਲੂ ਦੀ ਗਿਣਤੀ ਦੇ ਆਕਾਰ ਵਿਚ ਕਮੀ ਵੀ ਹੋਰ ਲੱਛਣ ਹਨ।

**ਫਾਸਫੋਰਸ ਦੀ ਕਮੀ ਦੇ ਲੱਛਣ** : ਫਾਸਫੋਰਸ ਦੀ ਕਮੀ ਵਿਚ ਪੱਤਿਆਂ ਦਾ



ਬੈਂਗਣੀ ਰੰਗ, ਘੁੰਗਰਾਲੇ ਹੋਣਾ ਅਤੇ ਝੁਲਸਣਾ ਸ਼ਾਮਲ ਹੁੰਦਾ ਹੈ। ਪੱਤਿਆਂ ਉੱਤੇ ਧੱਬੇ ਅਤੇ ਗੂੜ੍ਹਾ ਹਰਾ ਰੰਗ ਵੀ ਦਿਖਾਈ ਦਿੰਦਾ ਹੈ। ਗੰਭੀਰ ਕਮੀ ਵਿਚ ਬੂਟੇ ਮਧਰੇ ਅਤੇ ਪਤਲੀ ਟਹਿਣੀ ਦੇ ਰਹਿ ਜਾਂਦੇ ਹਨ।

**ਪੋਟਾਸ਼ੀਅਮ ਦੀ ਕਮੀ ਦੇ ਲੱਛਣ** : ਪੋਟਾਸ਼ੀਅਮ ਦੀ ਕਮੀ ਵਿਚ ਪੁਰਾਣੇ ਪੱਤਿਆਂ ਦੇ ਕਿਨਾਰਿਆਂ ਤੇ ਪੀਲੇ ਭੂਰੇ ਧੱਬੇ ਤੋਂ ਸ਼ੁਰੂ ਹੁੰਦੇ ਹਨ। ਪੱਤੇ ਡੂੰਘੀਆਂ ਨਾੜੀਆਂ ਵਾਲੇ ਮੁੜੇ ਹੋਏ ਅਤੇ ਗੂੜੇ ਹਰੇ ਰੰਗ ਦੇ ਅਤੇ ਚਮਕਦਾਰ ਬਣ ਜਾਂਦੇ ਹਨ।

**ਨਦੀਨਾਂ ਦੀ ਰੋਕਥਾਮ ਅਤੇ ਸਿੰਚਾਈ** : ਨਦੀਨਨਾਸ਼ਕਾਂ ਵਿਚ ਸੈਨਕੋਰ 70 ਡਬਲਯੂ ਪੀ (ਮੈਟਰੀਬਿਊਜ਼ਿਨ) 200 ਗ੍ਰਾਮ ਨੂੰ ਨਦੀਨ ਜੰਮਣ ਤੋਂ ਪਹਿਲਾਂ ਅਤੇ 500-700 ਮਿ. ਲਿ. ਗਰੈਮੋਕਸੋਨ 24 ਐਸ ਐਲ (ਪੈਰਾਕੁਆਟ) ਦੀ ਵਰਤੋਂ 5-10 ਪ੍ਰਤੀਸ਼ਤ ਆਲੂ ਜੰਮਣ ਤੇ ਕਰੋ। ਆਲੂ ਨੂੰ ਬਿਜਾਈ ਤੋਂ ਬਾਅਦ ਤੁਰੰਤ ਪਾਣੀ ਦਿਓ। ਫਸਲ ਨੂੰ 7-8 ਹਲਕੇ ਪਾਣੀ ਦੀ ਲੋੜ ਪੈਂਦੀ ਹੈ।

**ਪੁਟਾਈ** : ਫਸਲ ਦੀ ਪੁਟਾਈ ਜ਼ਮੀਨ ਵਿਚ ਠੀਕ ਵੱਤਰ ਤੇ ਟ੍ਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਨਾਲ ਕਰੋ ਤੇ ਆਲੂ ਨੂੰ 10-15 ਦਿਨ ਖੇਤ ਵਿਚ ਪਏ ਰਹਿਣ ਦਿਓ।



## ਸਿਹਤਮੰਦ ਸਰੀਰ ਲਈ

# ਕਣਕ ਦੀ ਜੈਵਿਕ ਖੇਤੀ ਸਮੇਂ ਦੀ ਮੁੱਖ ਲੋੜ

**ਮਨਦੀਪ ਸਿੰਘ, ਗਗਨਦੀਪ ਧਵਨ ਅਤੇ ਹਰਿੰਦਰ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ ਕਪੂਰਥਲਾ** (ਮੋ. 70097-84182)

ਰਸਾਇਣਕ ਖਾਦਾਂ, ਕੀਟਨਾਸ਼ਕਾਂ ਦੀ ਲੰਬੇ ਸਮੇਂ ਤੱਕ ਲੋੜ ਤੋਂ ਵੱਧ ਵਰਤੋਂ ਕਰਨ ਨਾਲ ਜ਼ਮੀਨ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ ਅਤੇ ਦੂਜੇ ਪਾਸੇ ਵਾਤਾਵਰਨ ਖਰਾਬ ਹੋਣ ਦੇ ਨਾਲ ਮਨੁੱਖਾਂ ਦੀ ਸਿਹਤ ਵਿਚ ਵੀ ਨਿਘਾਰ ਆ ਰਿਹਾ ਹੈ । ਜੈਵਿਕ ਖੇਤੀ ਵਿਚ ਜੈਵਿਕ ਜਾਂ ਕੁਦਰਤੀ ਖਾਦਾਂ, ਹਰੀਆਂ ਖਾਦਾਂ ਅਤੇ ਕੁਦਰਤੀ ਢੰਗ ਨਾਲ ਤਿਆਰ ਕੀਤੇ ਕੀਟਨਾਸ਼ਕਾਂ ਅਤੇ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ ।

| ਜੈਵਿਕ ਖਾਦਾਂ : | | | |
|---|---|---|---|
| **ਜ਼ਮੀਨ ਦੀ ਕਿਸਮ** | **ਭਾਰੀ** | **ਦਰਮਿਆਨੀ** | **ਹਲਕੀ** |
| ਨਾਈਟ੍ਰੋਜਨ ਦੀ ਮਾਤਰਾ (ਪ੍ਰਤੀ ਏਕੜ) | 80 | 120 | 160 |
| ਰੂੜੀ ਦੀ ਮਾਤਰਾ ਰਾਹੀਂ ਨਾਈਟ੍ਰੋਜਨ ਤੱਤ ਦੀ ਪੂਰਤੀ | 8 ਟਨ | 12 ਟਨ | 16 ਟਨ |

ਰਸਾਇਣਕ ਖੇਤੀ ਤੋਂ ਪੂਰੀ ਤਰ੍ਹਾਂ ਜੈਵਿਕ ਖੇਤੀ ਵਿਚ ਤਬਦੀਲ ਹੋਣ ਵਾਸਤੇ ਘੱਟੋ-ਘੱਟ ਤਿੰਨ ਸਾਲ ਦਾ ਸਮਾਂ ਚਾਹੀਦਾ ਹੈ । ਸ਼ੁਰੂ ਦੇ ਤਿੰਨ ਚਾਰ ਸਾਲ ਵਿਚ ਜੈਵਿਕ ਖੇਤਾਂ ਦੇ ਦੁਆਲੇ ਬਫਰ ਹੋਣਾ ਚਾਹੀਦਾ ਹੈ ਤਾਂ ਕਿ ਰਸਾਇਣ ਖੇਤਾਂ ਤੋਂ ਕਿਸੇ ਕਿਸਮ ਦਾ ਕੋਈ ਰਸਾਇਣਿਕ ਜੈਵਿਕ ਖੇਤਾਂ ਵਿਚ ਨਾ ਆਵੇ । ਫਸਲਾਂ ਦੀਆਂ ਬਿਮਾਰੀਆਂ ਅਤੇ ਕੀਟ ਪ੍ਰਬੰਧ ਲਈ ਬਾਇਓ ਕੀਟਨਾਸ਼ਕਾਂ ਅਤੇ ਬਾਇਓਲੀ ਨਾਸ਼ਕਾਂ ਆਦਿ ਤੇ ਨਿਰਭਰ ਕਰਨਾ ਪੈਂਦਾ ਹੈ । ਜੇ ਖਾਸ ਤੌਰ ਤੇ ਜ਼ਿਕਰ ਨਾ ਕੀਤਾ ਹੋਵੇ ਤਾਂ ਕਾਸ਼ਤ ਦੇ ਢੰਗ ਰਵਾਇਤੀ ਫਸਲ ਦੀ ਤਰ੍ਹਾਂ ਹੀ ਹੁੰਦੇ ਹਨ । ਆਓ ਹੁਣ ਗੱਲ ਕਰਦੇ ਹਾਂ ਕਿ ਆਉਣ ਵਾਲੇ ਹਾੜ੍ਹੀ ਦੇ ਸ਼ੀਜਨ ਦੇ ਵਿਚ ਕਣਕ ਦੀ ਕਾਸ਼ਤ ਜੈਵਿਕ ਤਰੀਕੇ ਨਾਲ ਕਿਵੇਂ ਕੀਤੀ ਜਾਵੇ ।

**ਬਿਜਾਈ ਦਾ ਤਰੀਕਾ** : ਕਣਕ ਦੀ ਬਿਜਾਈ ਕਰਨ ਲਈ ਹੈਪੀ ਸੀਡਰ, ਸੁਪਰ ਸੀਡਰ, ਪੀ.ਏ.ਯੂ. ਸਮਾਰਟ ਸੀਡਰ ਜਾਂ ਪੀ.ਏ.ਯੂ. ਸਰਫੇਸ ਸੀਡਰ ਦੀ ਵਰਤੋਂ ਕੀਤੀ ਜਾ ਸਕਦੀ ਹੈ । ਜੇਕਰ ਲੇਬਰ ਦੀ ਬੱਚਤ ਦੀ ਬੱਚਤ ਕਰਨੀ ਹੋਵੇ ਅਤੇ ਵਧੀਆ ਨਦੀਨ ਪ੍ਰਬੰਧ ਕਰਨ ਲਈ ਕਣਕ ਨੂੰ ਬੈਡ ਪਲਾਂਟਰ ਨਾਲ ਬੈਡਾਂ ਉੱਤੇ (37.5 ਸੈਂਟੀਮੀਟਰ ਚੌੜੇ ਬੈਡ ਉੱਤੇ ਦੋ ਕਤਾਰਾਂ ਅਤੇ ਦੋ ਬੈਡਾਂ ਵਿਚਕਾਰ 30 ਸੈਂਟੀਮੀਟਰ ਚੌੜੀ ਖਾਲੀ) ਵਿਚ ਬੀਜੋ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ ਕੀਤੀਆਂ ਕੋਈ ਵੀ ਉੱਨਤ ਕਣਕ ਦੀਆਂ ਕਿਸਮਾਂ ਦੀ ਬਿਜਾਈ ਕੀਤੀ ਜਾ ਸਕਦੀ ਹੈ । ਜੈਵਿਕ ਕਣਕ ਲਈ ਪੀ ਬੀ ਡਬਲਯੂ 1 ਚਪਾਤੀ ਕਿਸਮ ਦੀ ਬਿਜਾਈ ਨੂੰ ਪਹਿਲ ਦਿਉ, ਕਿਉਂਕਿ ਇਸ ਦੀ ਰੋਟੀ ਦੇਸੀ ਕਣਕ ਵਾਂਗੂ ਕਣਕ ਵਾਂਗੂ ਨਰਮ ਤੇ ਸਵਾਦ ਬਣਦੀ ਹੈ ।

**ਬੀਜ ਦੀ ਸੋਧ** : ਜੈਵਿਕ ਖੇਤੀ ਵਿਚ ਬੀਜ ਨੂੰ ਕਿਸੇ ਵੀ ਰਸਾਇਣ ਨਾਲ ਸੋਧਣਾ ਨਹੀਂ ਹੁੰਦਾ ਹੈ । ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਬੀਜ ਵੀ ਜੈਵਿਕ ਉਪਜ ਤੋਂ ਹੀ ਲੈਣਾ ਚਾਹੀਦਾ ਹੈ । ਬੀਜ ਦੀ ਸੋਧ ਕਰਨ ਲਈ 500 ਗ੍ਰਾਮ ਕਨਸੋਰਸ਼ੀਅਮ ਜਾਂ 250 ਗ੍ਰਾਮ ਅਜ਼ੋਟੋਬੈਕਟਰ ਤੇ 250 ਗ੍ਰਾਮ ਸਟਰੈਪਟੋਮਾਈਸੀਜ਼ ਜੀਵਾਣੂੰ ਖਾਦਾਂ ਨੂੰ ਇਕ ਲੀਟਰ ਪਾਣੀ ਵਿਚ ਮਿਲਾ ਕੇ ਚੰਗੀ ਤਰ੍ਹਾਂ ਘੋਲ ਬਣਾ ਲਉ । ਇਸ ਕੰਮ ਪੱਕੇ ਫਰਸ਼ ਜਾਂ ਤਰਪਾਲ ਉੱਪਰ ਕਰੋ । ਬੀਜ ਨੂੰ ਛਾਂਵੇ ਸੁਕਾ ਲਓ ਅਤੇ ਛੇਤੀ ਬੀਜ ਦਿਓ । ਕਣਕ ਦੀ ਜੈਵਿਕ ਖੇਤੀ ਵਿਚ ਜੀਵਾਣੂੰ ਖਾਦਾਂ ਦੀ ਵਰਤੋਂ ਕਰਨ ਨਾਲ ਮਿੱਟੀ ਦੀ ਸਿਹਤ ਵਿਚ ਸੁਧਾਰ ਹੋਣ ਦੇ ਨਾਲ ਝਾੜ ਵਿਚ ਵੀ ਵਾਧਾ ਹੁੰਦਾ ਹੈ ।

ਕਣਕ ਦੀ 50 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਦੀ ਲੋੜ ਨੂੰ ਪੂਰੀ ਕਰਨ ਲਈ ਰੂੜੀ, ਗੰਡੋਆ



ਖਾਦ ਅਤੇ ਰਿੰਡ ਦੀ ਖਲ ਨੂੰ ਵਰਤ ਕੇ ਵੀ ਪੂਰਾ ਕੀਤਾ ਜਾ ਸਕਦਾ ਹੈ ਇਸ ਲਈ 1.7 ਟਨ ਰੂੜੀ ਦੀ ਖਾਦ (1% ਨਾਈਟ੍ਰੋਜਨ) + 1.1 ਟਨ ਗੰਡੋਆ ਖਾਦ (1.5% ਕਿਲੋ ਨਾਈਟ੍ਰੋਜਨ) + 0.7 ਟਨ ਰਿੰਡ ਦੀ ਖਲ (2.5% ਨਾਈਟ੍ਰੋਜਨ) ਪ੍ਰਤੀ ਏਕੜ ਦੀ ਵਰਤੋਂ ਕਰੋ । ਰੂੜੀ ਵਾਲੀ ਖਾਦ ਦੀ ਮਾਤਰਾ ਉਸ ਵਿਚ ਮੌਜੂਦ ਨਾਈਟ੍ਰੋਜਨ ਦੇ ਹਿਸਾਬ ਨਾਲ ਵੱਧ ਜਾਂ ਘੱਟ ਕਰ ਸਕਦੇ ਹਾਂ ।

**ਨਦੀਨਾਂ ਦੀ ਰੋਕਥਾਮ** : ਜੈਵਿਕ ਖੇਤੀ ਵਿਚ ਨਦੀਨਨਾਸ਼ਕਾਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਹੈ । ਆਮ ਕਾਸ਼ਤਕਾਰੀ ਢੰਗ ਜਿਵੇਂ ਕਿ ਮਿੱਟੀ ਨੂੰ ਉੱਪਰੋਂ ਸਿਖਾਉਣਾ, ਨਦੀਨਾਂ ਨੂੰ ਪਹਿਲੇ ਪਾਣੀ ਤੋਂ ਪਹਿਲਾਂ ਮਾਰਨਾ ਤੇ ਨਦੀਨਾਂ ਦੀ ਬੀਜ ਪੈਣ ਤੋਂ ਪਹਿਲਾਂ ਪੁੱਟਣਾ ਦੀ ਵਰਤੋਂ ਕਰ ਸਕਦੇ ਹਾਂ । ਗੋਡੀ ਵੀ ਲੋੜ ਦੇ ਅਨੁਸਾਰ ਕਰ ਸਕਦੇ ਹਾਂ ।

**ਕੀੜੇ-ਮਕੌੜਿਆਂ ਦੀ ਰੋਕਥਾਮ** : ਕੀੜੇ ਮਕੌੜਿਆਂ ਦੀ ਕੋਈ ਸਮੱਸਿਆ ਆਉਣ ਤੇ ਮਿੱਤਰ ਕੀੜੇ ਕਾਬੂ ਕਰ ਲੈਂਦੇ ਹਨ । ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਘਰ ਬਣਾਈ ਨਿੰਮ ਦੇ ਘੋਲ ਦੇ 2 ਲੀਟਰ ਨੂੰ 80 ਤੋਂ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫਤੇ ਦੇ ਵਕਫੇ ਤੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ । ਨਿੰਮ ਦੇ ਘੋਲ ਨੂੰ ਤਿਆਰ ਕਰਨ ਲਈ 4 ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜੇ ਛਾਣ ਕਰ ਲਓ ਤੇ ਤਰਲ ਨੂੰ ਸਿਫਾਰਿਸ਼ ਕੀਤੀ ਮਾਤਰਾ ਅਨੁਸਾਰ ਛਿੜਕਾਅ ਕਰੋ ।

**ਨੋਟ** : ਜੈਵਿਕ ਖੇਤੀ ਵਿਚ ਕਣਕ ਦੀ ਪੀਲੀ ਕੁੰਗੀ ਦੀ ਰੋਕਥਾਮ ਲਈ ਬਿਜਾਈ ਤੋਂ ਇਕ ਮਹੀਨੇ ਬਾਅਦ 20% ਖੱਟੀ ਲੱਸੀ (ਇੱਕ ਏਕੜ ਲਈ 40 ਲਿਟਰ ਖੱਟੀ ਲੱਸੀ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਤਿਆਰ ਕਰੋ) ਦਾ ਛਿੜਕਾਅ ਕਰੋ । ਜੇਕਰ ਉਸ ਤੋਂ ਬਾਅਦ ਵੀ ਖੇਤ ਵਿਚ ਬਿਮਾਰੀ ਨਜ਼ਰ ਆਵੇ ਤਾਂ 20% ਖੱਟੀ ਲੱਸੀ ਦਾ ਤਿੰਨ ਛਿੜਕਾਅ 10 ਦਿਨਾਂ ਦੇ ਵਕਫੇ ਤੇ ਕਰੋ ।

# ਹੈਪੀ ਸੀਡਰ ਅਤੇ ਪੀ.ਏ.ਯੂ. ਸਮਾਰਟ ਸੀਡਰ ਨਾਲ ਝੋਨੇ ਦੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਵਾਲਾ ਅਗਾਂਹਵਧੂ ਕਿਸਾਨ : ਉਂਕਾਰ ਸਿੰਘ

ਕਿਸਾਨਾਂ ਵੱਲੋਂ ਝੋਨੇ ਦੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨੂੰ ਅਪਨਾਉਣ ਕਰਕੇ ਪੰਜਾਬ ਵਿਚ ਸਲਾਨਾ 20 ਮਿਲੀਅਨ ਟਨ ਝੋਨੇ ਦੀ ਪਰਾਲੀ ਪੈਦਾ ਹੁੰਦੀ ਹੈ । ਪੰਜਾਬ ਐਗਰੀਚਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਝੋਨੇ ਦੇ ਪਰਾਲੀ ਪ੍ਰਬੰਧਨ ਲਈ ਵੱਖ-ਵੱਖ ਮਸ਼ੀਨਾਂ ਵਿਕਸਿਤ ਅਤੇ ਸਿਫਾਰਿਸ਼ ਕੀਤੀਆਂ ਹਨ, ਜਿਹਨਾਂ ਨਾਲ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਹੀ ਜਾਂ ਖੇਤ ਵਿੱਚੋਂ ਬਾਹਰ ਕੱਢ ਕੇ ਸੰਭਾਲਿਆ ਜਾ ਸਕਦਾ ਹੈ । ਝੋਨੇ ਦੀ ਪਰਾਲੀ ਨੂੰ ਖੇਤ ਵਿਚ ਖੇਤ ਦੀ ਸਤਹ ਤੇ ਮੱਲਚ ਦੀ ਤਰ੍ਹਾਂ ਰੱਖ ਕੇ ਜਾਂ ਮਿੱਟੀ ਵਿਚ ਮਿਲਾ ਕੇ ਇਸਦੀ ਸੰਭਾਲ ਕੀਤੀ ਜਾ ਸਕਦੀ ਹੈ ।

ਝੋਨੇ ਦੀ ਕਟਾਈ ਤੋਂ ਬਾਅਦ 2-3 ਹਫਤਿਆਂ ਦੇ ਥੋੜ੍ਹੇ ਸਮੇਂ ਦੇ ਅੰਦਰ ਕਣਕ ਦੀ ਬਿਜਾਈ ਕਰਨ ਦੀ ਸਮੱਸਿਆ ਕਾਰਨ ਕੁਝ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ । ਜ਼ਿਲ੍ਹਾ ਹੁਸ਼ਿਆਰਪੁਰ ਦੇ ਕੁਝ ਕਿਸਾਨਾਂ ਨੇ ਝੋਨੇ ਦੀ ਪਰਾਲੀ ਦਾ ਖੇਤਾਂ ਵਿਚ ਹੀ ਸੁਚੱਜਾ ਪ੍ਰਬੰਧਨ ਅਪਨਾ ਕੇ ਨਾਮ ਕਮਾਇਆ ਹੈ । ਉਨ੍ਹਾਂ ਵਿੱਚੋਂ ਹੀ ਪਿੰਡ ਠੀਂਡਾ ਦਾ ਇਕ ਅਗਾਂਹਵਧੂ ਕਿਸਾਨ ਉਂਕਾਰ ਸਿੰਘ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਖੇਤਾਂ ਵਿਚ ਹੀ ਕਰਦਾ ਹੈ । ਇਸ ਕਿਸਾਨ ਨੇ ਹਾੜ੍ਹੀ 2017 ਦੌਰਾਨ ਝੋਨੇ ਦੀ ਵਾਢੀ ਸੁਪਰ ਐਸ. ਐਮ. ਐਸ. (ਸਟਰਾਅ ਮੈਨੇਜਮੈਂਟ ਸਿਸਟਮ) ਕੰਬਾਇਨ ਨਾਲ ਕਰਨ ਉਪਰੰਤ, ਹੈਪੀ ਸੀਡਰ ਨਾਲ 23 ਏਕੜ ਰਕਬੇ ਤੇ ਸਫਲਤਾਪੂਰਵਕ ਬਿਜਾਈ ਕਿਰਾਏ ਤੇ ਕਰਵਾਈ ।

★ ਉਸ ਅਨੁਸਾਰ ਰਿਵਾਇਤੀ ਢੰਗ ਨਾਲ ਕਣਕ ਦੀ ਬਿਜਾਈ ਲਈ ਖੇਤੀ ਦੀ ਤਿਆਰੀ ਵਾਸਤੇ ਬਹੁਤ ਵਾਰ ਖੇਤ ਨੂੰ ਵਾਹ ਕੇ ਤਿਆਰ ਕਰਨਾ ਪੈਂਦਾ ਹੈ, ਜਦੋਂ ਕਿ ਹੈਪੀ ਸੀਡਰ ਦੀ ਵਰਤੋਂ ਨਾਲ ਇੱਕੋ ਵਾਰੀ ਇਕ ਕਣਕ ਦੀ ਬਿਜਾਈ ਸੰਭਵ ਹੈ ।

★ ਹੈਪੀ ਸੀਡਰ ਵਿਧੀ ਨਾਲ ਵਹਾਈ ਦੇ ਖਰਚੇ ਦੀ ਬੱਚਤ, ਨਦੀਨਾਂ ਦੀ ਘੱਟ ਸਮੱਸਿਆ ਅਤੇ ਕਣਕ ਦੀ ਬਿਜਾਈ ਸਮੇਂ ਸਿਰ ਸੰਭਵ ਹੈ ।

★ ਹਾੜ੍ਹੀ 2023-24 ਦੌਰਾਨ, ਉਂਕਾਰ ਸਿੰਘ ਨੇ ਹੈਪੀ ਸੀਡਰ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੁਆਰਾ ਦਿੱਤੇ ਹੋਏ ਪੀ.ਏ.ਯੂ. ਸਮਾਰਟ ਸੀਡਰ ਨਾਲ ਕ੍ਰਮਵਾਰ 13 ਏਕੜ ਅਤੇ 10 ਏਕੜ ਰਕਬੇ ਵਿਚ ਝੋਨੇ ਦੀ ਪਰਾਲੀ ਵਿਚ ਕਣਕ ਦੀ ਸਫਲਤਾਪੂਰਵਕ ਬਿਜਾਈ ਕੀਤੀ ।

★ ਝੋਨੇ ਦੀ ਵਾਢੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੁਆਰਾ ਸਿਫਾਰਿਸ਼ ਸੁਪਰ ਐਸ. ਐਮ. ਐਸ (ਸਟਰਾਅ ਮੈਨੇਜਮੈਂਟ ਸਿਸਟਮ) ਕੰਬਾਇਨ ਨਾਲ ਕਰਦਾ ਹੈ, ਜਿਸ ਨਾਲ ਝੋਨੇ ਦੀ ਪਰਾਲੀ ਦਾ ਕੁਤਰਾ ਹੋ ਕੇ ਖੇਤ ਵਿਚ ਖਿਲਰ ਜਾਂਦਾ ਹੈ ਅਤੇ ਖਿਲਰੀ ਪਰਾਲੀ ਵਿਚ ਹੈਪੀ ਸੀਡਰ ਅਤੇ ਪੀ.ਏ.ਯੂ. ਸਮਾਰਟ ਸੀਡਰ ਦਾ ਖੇਤਾਂ ਵਿਚ ਕਣਕ ਦੀ ਬਿਜਾਈ ਦੌਰਾਨ ਸੰਚਾਲਨ ਵਧੀਆ ਹੁੰਦਾ ਹੈ ।

★ ਝੋਨੇ ਦੀ ਪਰਾਲੀ ਦਾ ਖੇਤਾਂ ਵਿਚ ਲਗਾਤਾਰ ਕੁਝ ਸਾਲਾਂ ਦੇ ਪ੍ਰਬੰਧਨ ਨਾਲ ਖੇਤ ਦੀ ਮਿੱਟੀ ਦੀ ਉਪਜਾਊ ਸ਼ਕਤੀ ਵਿਚ ਸੁਧਾਰ ਹੁੰਦਾ ਹੈ, ਜਿਸ ਨਾਲ ਖਾਦਾਂ ਦੀ ਵੀ ਵਰਤੋਂ ਘੱਟ ਹੁੰਦੀ ਹੈ ।

★ ਹੈਪੀ ਸੀਡਰ ਅਤੇ ਪੀ. ਏ. ਯੂ. ਸਮਾਰਟ ਸੀਡਰ ਨਾਲ ਪਰਾਲੀ ਖੇਤ ਵਿਚ ਮੱਲਚ ਦੇ ਤੌਰ ਤੇ ਵਿੱਛ ਜਾਂਦੀ ਹੈ, ਜਿਸ ਨਾਲ ਉਸ ਦੇ ਖੇਤਾਂ ਵਿਚ ਗੁੱਲੀ ਡੰਡੇ ਨਦੀਨ ਦੀ ਸਮੱਸਿਆ ਘੱਟ ਹੁੰਦੀ ਹੈ ਅਤੇ ਝੋਨੇ ਦੀ ਪਰਾਲੀ ਦਾ ਮੱਲਚ ਹੋਣ ਕਰਕੇ ਕਣਕ ਦੇ ਦਾਣੇ ਭਰਨ ਦੇ ਪੜਾਅ ਦੌਰਾਨ ਖੇਤਾਂ ਦੀ ਸਤਹਿ ਦਾ ਤਾਪਮਾਨ, ਆਮ ਸਤਹਿ ਨਾਲੋਂ 1-1.5 ਡਿਗਰੀ ਸੈਲਸੀਅਸ ਤੱਕ ਘੱਟ ਰਹਿੰਦਾ ਹੈ ਅਤੇ ਕਣਕ ਦੀ ਫਸਲ ਲਈ ਨਮੀਂ ਦੀ ਨਿਰੰਤਰ ਉਪਲੱਬਧਤਾ ਰਹਿੰਦੀ ਹੈ ਅਤੇ ਇਸ ਤਰ੍ਹਾਂ ਵੱਧ ਤਾਪਮਾਨ ਦੇ ਨੁਕਸਾਨਦੇਹ ਪ੍ਰਭਾਵ ਤੋਂ ਕਣਕ ਦਾ ਬਚਾ ਹੁੰਦਾ ਹੈ ।

★ ਹੈਪੀ ਸੀਡਰ ਅਤੇ ਪੀ.ਏ.ਯੂ. ਸਮਾਰਟ ਸੀਡਰ ਦੀ ਵਰਤੋਂ ਨਾਲ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਆਸਾਨੀ ਨਾਲ ਸੰਭਾਲਿਆ ਜਾ ਸਕਦਾ ਹੈ, ਜਿਸ ਨਾਲ ਪਰਾਲੀ ਵਿਚਲੇ ਖੁਰਾਕੀ ਤੱਤ ਜਿਵੇਂ ਕਿ ਨਾਈਟ੍ਰੋਜਨ, ਫਾਸਫੋਰਸ, ਪੋਟਾਸ਼, ਗੰਧਕ ਆਦਿ, ਮਿੱਟੀ ਵਿਚ ਮਿਲ ਜਾਂਦੇ ਹਨ, ਜਿਸ ਨਾਲ ਮਿੱਟੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ ਅਤੇ ਲਗਾਤਾਰ ਪਰਾਲੀ ਨੂੰ ਖੇਤ ਵਿਚ ਮਿਲਾਉਣ ਨਾਲ ਝਾੜ ਵਿਚ ਵੀ ਵਾਧਾ ਹੁੰਦਾ ਹੈ ।

★ ਇਹ ਕਿਸਾਨ ਮਿੱਟੀ ਪਰਖ ਰਿਪੋਰਟ ਅਨੁਸਾਰ ਰਸਾਇਣਕ ਖਾਦਾਂ ਦੀ ਸੰਤੁਲਿਤ ਵਰਤੋਂ ਕਰਦਾ ਹੈ ਅਤੇ ਖੇਤ ਨੂੰ ਸਮਤਲ ਕਰਨ ਵਾਸਤੇ ਕੰਪਿਊਟਰ ਕਰਾਹੇ ਦੀ ਵਰਤੋਂ ਕਰਦਾ ਹੈ ।

★ ਉਹ ਖੇਤੀਬਾੜੀ ਸੰਬੰਧੀ ਤਜ਼ਰਬਿਆਂ ਨੂੰ ਦੂਸਰਿਆਂ ਕਿਸਾਨਾਂ ਨਾਲ ਵੀ ਸਾਂਝਾ ਕਰਕਾ ਹੈ ਅਤੇ ਕੇ ਵੀ ਕੇ, ਹੁਸ਼ਿਆਰਪੁਰ ਦੇ ਵੱਖ-ਵੱਖ ਪਸਾਰ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਦਾ ਰਹਿੰਦਾ ਹੈ ।

**ਅਜੈਬ ਸਿੰਘ ਅਤੇ ਮਨਿੰਦਰ ਸਿੰਘ ਬੌਂਸ, ਕੇ. ਵੀ. ਕੇ, ਹੁਸ਼ਿਆਰਪੁਰ**, ਮੋ. 94647-64320



# ਪੰਜਾਬ : ਫਸਲੀ ਵੰਨ-ਸਵੰਨਤਾ ਦਾ ਔਝੜ ਰਾਹ

**ਭਾਰਤ ਪਾਣੀ ਸਮੇਤ ਫਸਲਾਂ ਦੀ ਉਤਪਾਦਕਤਾ ਚਾਹੁੰਦਾ ਹੈ ਅਤੇ ਕਿਸਾਨ ਬਿਹਤਰ ਆਮਦਨੀ ਚਾਹੁੰਦੇ ਹਨ । ਇਸ ਦਾ ਜਵਾਬ ਫਸਲੀ ਵੰਨ-ਸਵੰਨਤਾ ਵਿਚ ਪਿਆ ਹੈ ਅਤੇ ਇਹ ਨੀਤੀ ਨਿਰਧਾਰਨ ਵਿਚ ਰਾਜਾਂ ਦੀ ਸ਼ਮੂਲੀਅਤ ਯਕੀਨੀ ਬਣਾ ਕੇ ਕੇਂਦਰ ਸਰਕਾਰ ਦੁਆਰਾ ਹੀ ਦਿੱਤਾ ਜਾ ਸਕਦਾ ਹੈ । ਇਸ ਲਈ ਰਾਜਾਂ ਨੂੰ ਖੇਤਰੀ ਪੱਧਰ 'ਤੇ ਢੁੱਕਵੀਆਂ ਨੀਤੀਆਂ ਲਾਗੂ ਕਰਨ ਦੀ ਖੁੱਲ੍ਹ ਦੇਣੀ ਪਏਗੀ ਅਤੇ ਪੈਸਾ ਖਰਚ ਕੇ ਸਾਧਨ ਮੁਹੱਈਆ ਕਰਾਉਣੇ ਪੈਣਗੇ ਜਿੱਥੇ ਸਰਕਾਰ ਜ਼ਿਆਦਾਤਰ ਹੱਥ ਘੱਟ ਲੈਂਦੀ ਹੈ ।**



ਡਾ. ਬਲਵਿੰਦਰ ਸਿੰਘ ਸਿੱਧੂ

ਸਮੁੱਚੀ ਚੁਣਾਵੀ ਰਾਜਨੀਤੀ ਨੂੰ ਸਰਾਪ ਲੱਗਿਆ ਹੋਇਆ ਹੈ : ਨੇਕ ਨੀਅਤਾਂ ਦੀ ਵਾਰ-ਵਾਰ ਦੁਹਾਈ ਦਿੱਤੀ ਜਾਂਦੀ ਹੈ ਕਿ ਨੀਤੀ ਬਣਨ ਤੋਂ ਪਹਿਲਾਂ ਉਹ ਰੂੜੀਆਂ ਬਣ ਕੇ ਰਹਿ ਜਾਂਦੀਆਂ ਹਨ । ਫਸਲੀ ਵੰਨ-ਸਵੰਨਤਾ ਨਾਲ ਵੀ ਇਹੀ ਕੁਝ ਵਾਪਰਿਆਂ ਹੈ । ਵਿਹਾਰਕ ਅਰਥਚਾਰਾ ਇਸ ਦੀ ਮੰਗ ਕਰਦਾ ਹੈ ਅਤੇ ਸੂਬੇ ਨੂੰ ਇਹ ਚਾਹੀਦੀ ਹੈ ਪਰ ਸਿਆਸੀ ਤੌਰ 'ਤੇ ਡਾਢੀ ਜ਼ਿਮੀਂਦਾਰ ਜਮਾਤ ਦੇ ਹਿੱਤ ਕਿਤੇ ਹੋਰ ਜੁੜੇ ਹੋਏ ਹਨ ਅਤੇ ਕੇਂਦਰ ਤੋਂ ਕੋਈ ਮਦਦ ਨਹੀਂ ਮਿਲ ਰਹੀ ।

ਚਾਲੀ ਸਾਲਾਂ ਤੋਂ ਫਸਲੀ ਵੰਨ-ਸਵੰਨਤਾ ਦਾ ਸਵਾਲ ਸਾਹਮਣੇ ਪਿਆ ਹੈ ਜਿਸ ਦਾ ਜ਼ਿਕਰ ਪਹਿਲੀ ਵਾਰ 1986 ਵਿਚ ਜੌਹਲ ਕਮੇਟੀ ਦੀ ਰਿਪੋਰਟ ਵਿਚ ਆਇਆ ਸੀ । ਫਿਰ 2002 ਵਿਚ ਅਤੇ ਉਸ ਤੋਂ ਬਾਅਦ 2013, 2018 ਤੇ ਹੁਣ 2023 ਦੀ ਨੀਤੀ ਵਿਚ ਵੀ ਇਸ ਦਾ ਜ਼ਿਕਰ ਹੈ । ਖੇਤੀਬਾੜੀ ਅਜਿਹਾ ਵਿਸ਼ਾ ਹੈ ਜਿਸ ਵਿਚ ਨੀਤੀ ਦੇ ਮਾਮਲੇ ਵਿਚ ਦੇਰੀ ਬਰਦਾਸ਼ਤ ਨਹੀਂ ਹੋ ਸਕਦੀ ਕਿਉਂਕਿ ਮੀਂਹ ਸੋਕਾ, ਹੜ੍ਹ, ਤੂਫਾਨ, ਕੀਟਾਂ, ਉੱਲੀ ਕਿਰਮਾਂ ਦੇ ਪ੍ਰਭਾਵ ਅਤੇ ਜਲਵਾਯੂ ਤਬਦੀਲੀ ਦੇ ਰੂਪ ਵਿਚ ਕਾਰਕ ਸ਼ਾਮਲ ਹੁੰਦੇ ਹਨ । ਫਿਰ ਵੀ ਸਾਡੀ ਸਿਆਸੀ ਲੀਡਰਸ਼ਿਪ ਅਤੇ ਨੌਕਰਸ਼ਾਹੀ ਵੱਲੋਂ ਫੌਰੀ ਧਿਆਨ ਮੰਗਣ ਵਾਲੀਆਂ ਫਸਲੀ ਵੰਨ-ਸਵੰਨਤਾ ਦੀਆਂ ਫਾਈਲਾਂ 'ਤੇ ਟਕਰਾਓਬਾਜ਼ੀ ਚਲਦੀ ਰਹਿੰਦੀ ਹੈ । ਹੁਣ ਜਦੋਂ ਅਸੀਂ ਕਰੋ ਜਾਂ ਮਰੋ ਦੀ ਸਥਿਤੀ ਵਿਚ ਪਹੁੰਚ ਗਏ ਹਾਂ ਤਾਂ ਇਸ ਨੂੰ ਹੋਰ ਜ਼ਿਆਦਾ ਜ਼ੋਰ ਦੇ ਕੇ ਨਹੀਂ ਸਮਝਾਇਆ ਜਾ ਸਕਦਾ ।

ਪੰਜਾਬ ਦੀ ਸਮਝ ਵਿਚ ਇਹ ਗੱਲ ਬਹੁਤ ਪਹਿਲਾਂ ਆ ਕਈ ਸੀ ਕਿ ਕਣਕ-ਝੋਨੇ ਦਾ ਜਿਹਾ ਚੱਕਰ ਵਿੱਢ ਲਿਆ ਹੈ, ਉਸ ਦੇ ਮਾਰੂ ਅਸਰਾਂ ਤੋਂ ਬਚਣ ਦਾ ਕਾਰਗਰ ਰਾਹ ਫਸਲੀ ਵੰਨ-ਸਵੰਨਤਾ ਹੈ । ਇਕ ਰੂਪੀ ਫਸਲੀ ਚੱਕਰ ਪੰਜਾਬ ਨੇ ਆਪਣੀ ਮਰਜ਼ੀ ਨਾਲ ਨਹੀਂ ਚੁਣਿਆ ਸੀ; ਭਾਰਤ ਨੂੰ ਖੁਰਾਕ ਸੁਰੱਖਿਆ ਦੀ ਲੋੜ ਸੀ । ਖਾਦਾਂ ਨੂੰ ਹੁੰਗਾਰਾ ਦੇਣ ਵਾਲੀਆਂ ਮਧਰੇ ਕੱਦ ਵਾਲੀਆਂ ਕਿਸਮਾਂ ਦੇ ਸਹਾਰੇ ਹਰੀ ਕ੍ਰਾਂਤੀ ਦਾ ਰਾਹ ਖੁੱਲ੍ਹ ਗਿਆ ਅਤੇ ਚੱਕਬੰਦੀ ਪੂਰੀ ਹੋਣ ਕਰ ਕੇ ਪੰਜਾਬ ਨੂੰ ਇਸ ਕੰਮ ਲਈ ਟਿੱਕ ਲਿਆ ਗਿਆ । ਇਸ ਮੰਤਵ ਲਈ ਟਿਊਬਵੈੱਲ, ਲਿੰਕ ਸੜਕਾਂ, ਮੰਡੀਆਂ, ਕਰਜ਼ਾ, ਵਰਤੋਂ ਸਮੱਗਰੀ, ਮੰਡੀਕਰਨ ਅਤੇ ਖੋਜ ਤੇ ਵਿਕਾਸ ਲਈ ਸੰਸਥਾਵਾਂ ਮੁਹੱਈਆ ਕਰਵਾ ਦਿੱਤੀਆਂ ।

ਪੰਜਾਬ ਦੇ ਕਿਸਾਨਾਂ ਨੇ ਸਖਤ ਮਿਹਨਤ ਕੀਤੀ । ਭਾਰਤ ਵਿਚ ਚੌਲਾਂ ਦਾ ਉਤਪਾਦਨ 1949-50 ਵਿਚ ਮਹਿਜ਼ 23.54 ਮਿਲੀਅਨ ਟਨ ਸੀ ਜੋ 1985-86 ਵਿਚ 64.15 ਮਿਲੀਅਨ ਟਨ ਹੋ ਗਿਆ; ਇਸੇ ਅਰਸੇ ਦੌਰਾਨ 6.39 ਮਿਲੀਅਨ ਟਨ ਕਣਕ ਦੇ ਉਤਪਾਦਨ ਵਿਚ ਰਿਕਾਰਡ ਸੱਤ ਗੁਣਾ ਵਾਧਾ ਹੋਇਆ । ਦੇਸ਼ ਦਾ ਕੁੱਲ ਅਨਾਜ ਉਤਪਾਦਨ 54.92 ਮਿਲੀਅਨ ਟਨ ਤੋਂ ਵਧ ਦੇ ਤਿੰਨ ਗੁਣਾ ਹੋ ਗਿਆ । 1980ਵਿਆਂ ਦੇ ਸ਼ੁਰੂ ਤੱਕ ਦੇਸ਼ ਖੁਰਾਕ ਦੇ ਮਾਮਲੇ ਵਿਚ ਆਤਮ-ਨਿਰਭਰ ਬਣ ਗਿਆ: 1985 ਵਿਚ ਅਸੀਂ ਪਹਿਲੀ ਵਾਰ ਅਨਾਜ ਦੀ ਬਰਾਮਦ ਸ਼ੁਰੂ ਕੀਤੀ । ਉਂਝ, ਤਦ ਤੱਕ ਐੱਫ ਸੀ ਆਈ ਦੀ ਖਰੀਦ ਘਟਣ ਲੱਗ ਪਈ ਅਤੇ ਖੇਤੀ ਤੋਂ ਹੋਣ ਵਾਲੀ ਕਿਸਾਨਾਂ ਦੀ ਆਮਦਨ ਵਿਚ ਕਮੀ ਆਉਣੀ ਸ਼ੁਰੂ ਹੋ ਗਈ ਤੇ ਲਾਗਤਾਂ ਵਿਚ ਵਾਧਾ ਹੋਣ ਲੱਗ ਪਿਆ । ਕਿਸਾਨਾਂ ਦੇ ਲਗਾਤਾਰ ਰੋਗ ਮੁਜ਼ਾਹਰਿਆਂ ਕਰ ਕੇ ਡਾ. ਐੱਸ ਐੱਸ ਜੌਹਲ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਜਿਸ ਦਾ ਜ਼ਿੰਮਾ ਸੀ ਕਿ ਅਨਾਜ ਦੀ ਕੀਮਤ ਅਤੇ ਖਰੀਦ ਨੀਤੀ ਦੀ ਘੋਖ ਕੀਤੀ ਜਾਵੇ । ਜੌਹਲ ਕਮੇਟੀ ਦੀ 1986 ਵਿਚ ਆਈ ਰਿਪੋਰਟ ਵਿਚ ਸਿਫਾਰਸ਼ ਕੀਤੀ ਗਈ ਕਿ ਝੋਨੇ ਤੇ ਕਣਕ ਹੇਠਲਾ 20 ਫੀਸਦ ਰਕਬਾ ਫਲਾਂ, ਸਬਜ਼ੀਆਂ, ਦਾਲਾਂ, ਤੇਲ ਬੀਜਾਂ, ਹਰੇ ਚਾਰੇ ਦੀ ਕਾਸ਼ਤ ਹੇਠ ਲਿਆਂਦਾ ਜਾਵੇ ਤਾਂ ਕਿ ਪੰਜਾਬ ਦੇ ਸਰੋਤਾਂ ਨੂੰ ਹੰਢਣਸਾਰ ਬਣਾਇਆ ਜਾ ਸਕੇ ।

1987 ਵਿਚ ਮੌਨਸੂਨ ਧੋਖਾ ਦੇ ਗਈ । ਝੋਨੇ ਦੇ ਉਤਪਾਦਨ ਵਿਚ 5.07 ਮਿਲੀਅਨ ਟਨ, ਕਣਕ ਦੇ ਉਤਪਾਦਨ ਵਿਚ 5.09 ਮਿਲੀਅਨ ਟਨ ਦੀ ਕਮੀ ਆ ਗਈ ਜਿਸ ਕਰ ਕੇ ਕੁੱਲ ਅਨਾਜ ਉਤਪਾਦਨ 138.97 ਮਿਲੀਅਨ ਟਨ ਹੀ ਹੋ ਸਕਿਆ; ਟੀਚਾ 154 ਮਿਲੀਅਨ ਟਨ ਦਾ ਸੀ । ਪਹਿਲੀ ਜੁਲਾਈ 1986 ਨੂੰ ਅਨਾਜ ਭੰਡਾਰ ਵਿਚ 28.28 ਮਿਲੀਅਨ ਟਨ ਅਨਾਜ ਸੀ ਜੋ ਪਹਿਲੀ ਜੁਲਾਈ 1988 ਤੱਕ ਘਟ ਕੇ 11.90 ਮਿਲੀਅਨ ਟਨ ਰਹਿ ਗਿਆ । ਸੋਕਾ ਪੈਣ ਕਰ ਕੇ 21 ਸੂਬਿਆਂ ਵਿਚ ਸਾਉਣੀ ਦੀ ਫਸਲ ਬਰਬਾਦ ਹੋ ਗਈ ਪਰ ਇਸ ਦੇ ਬਾਵਜੂਦ ਭਾਰਤ ਆਪਣੀ ਆਬਾਦੀ ਦਾ ਢਿੱਡ ਭਰਨ ਵਿਚ ਸਫਲ ਰਿਹਾ ਜੋ ਮਾਣ ਵਾਲੀ ਗੱਲ ਸੀ । ਉਂਝ, ਘਟ ਰਹੇ ਅਨਾਜ ਭੰਡਾਰ ਦੇ ਖਦਸ਼ੇ ਮੁੜ ਉੱਭਰ ਆਏ । ਜੌਹਲ ਕਮੇਟੀ ਦੀ ਲਿਆਕਤ ਦੀ ਕਿਸੇ ਸਿਆਸਤਦਾਨ ਜਾਂ ਨੀਤੀ ਘਾੜੇ ਨੂੰ ਰੱਤੀ ਭਰ ਪ੍ਰਵਾਹ ਨਹੀਂ ਸੀ ਸਗੋਂ ਪੰਜਾਬ ਵਿਚ ਝੋਨੇ ਦੀ ਕਾਸ਼ਤਕਾਰੀ ਉੱਪਰ ਹੋਰ ਜ਼ਿਆਦਾ ਧਿਆਨ ਕੇਂਦਰਤ ਹੋ ਗਿਆ । ਇਕ ਵਾਰ ਫਿਰ ਇਹ ਪੰਜਾਬ ਦੀ ਮਰਜ਼ੀ ਨਹੀਂ ਸੀ ਸਗੋਂ ਭਾਰਤ ਦੀ ਲੋੜ ਸੀ ।

1990ਵਿਆਂ ਵਿਚ ਨਵ-ਉਦਾਰਵਾਦੀ ਖੇਤੀਬਾੜੀ ਨੀਤੀ ਪ੍ਰਬੰਧ ਨੇ ਖੇਤੀ ਵਰਤੋਂ ਸਮੱਗਰੀ ਦੀਆਂ ਕੀਮਤਾਂ ਤੋਂ ਕੰਟਰੋਲ ਹਟਾਉਣਾ ਸ਼ੁਰੂ ਕਰ ਦਿੱਤਾ । ਇਸ ਦੇ ਨਾਲ ਹੀ ਜਨਤਕ ਵੰਡ ਪ੍ਰਣਾਲੀ ਨੂੰ ਵਡੇਰੇ ਢਾਂਚਾਗਤ ਸੁਧਾਰਾਂ ਦੇ ਚੌਖਟੇ ਵਿਚ ਟੀਚਾਬੱਧ ਪ੍ਰੋਗਰਾਮ ਬਣਾ ਦਿੱਤਾ, ਅਨਾਜ ਦੇ ਵਾਧੂ ਭੰਡਾਰਾਂ ਦਾ ਜਿਣਸਾਂ ਦੀ ਖਰੀਦ ਦੇ ਪੱਧਰਾਂ 'ਤੇ ਅਸਰ ਪੈਣ ਲੱਗ ਪਿਆ । ਇਸ ਦੇ ਨਾਲ ਹੀ 2000-01 ਤੋਂ 2005-06 ਤੱਕ ਪੰਜ ਸਾਲਾਂ ਦੌਰਾਨ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ ਪੀ) ਵਿਚ ਵਾਧਾ; ਬਿਲਕੁਲ ਰੋਕ ਦਿੱਤਾ । ਕਣਕ ਦਾ ਭਾਅ 610-650 ਰੁਪਏ ਅਤੇ ਝੋਨੇ ਦਾ ਭਾਅ 540 ਤੋਂ 610 ਰੁਪਏ ਫੀ ਕੁਇੰਟਲ ਰਿਹਾ । ਖੇਤੀਬਾੜੀ ਖੇਤਰ ਪੂਰੀ ਤਰ੍ਹਾਂ ਸੰਕਟ ਦੀ ਮਾਰ ਹੇਠ ਆ ਗਿਆ । ਉਤਪਾਦਨ ਲਾਗਤਾਂ ਵਿਚ ਭਾਰੀ ਵਾਧਾ ਹੋਣ ਅਤੇ ਭਾਅ ਵਿਚ ਵਾਧਾ; ਰੋਕ ਦੇਣ ਕਰ ਕੇ ਕਿਸਾਨਾਂ ਦੀ ਆਮਦਨ ਡਿੱਗਣ ਨਾਲ ਉਨ੍ਹਾਂ ਸਿਰ ਕਰਜ਼ੇ ਦਾ ਬੋਝ ਵਧਣ ਲੱਗ ਪਿਆ; ਸਿੱਟੇ ਵਜੋਂ ਖੁਦਕੁਸ਼ੀਆਂ ਦਾ ਰੁਝਾਨ ਤੇਜ਼ ਹੋ ਗਿਆ । ਇਕਮਾਤਰ ਸਹਾਰਾ ਐਮ. ਐਸ ਪੀ ਉੱਤੇ ਝੋਨੇ ਦੇ ਕਣਕ ਦੀ ਖੁੱਲ੍ਹੀ ਖਰੀਦ ਹੀ ਸੀ । ਰਾਜਨੀਤੀ ਨੇ ਇਸ ਦੇ ਹੁੰਗਾਰੇ ਵਜੋਂ 1997 ਵਿਚ ਮੁਫਤ ਬਿਜਲੀ ਦੀ ਪਿਰਤ ਸ਼ੁਰੂ ਕਰ ਦਿੱਤੀ ਜਿਸ ਨਾਲ ਝੋਨੇ ਦੀ ਕਾਸ਼ਤ ਨੂੰ ਹੋਰ ਹੁਲਾਰਾ ਮਿਲਿਆ ।

ਇਹ ਉਹ ਸਮਾਂ ਸੀ ਜਦੋਂ ਸੰਕਟ ਦੀ ਘੋਖ ਲਈ ਨਵੀਂ ਕਮੇਟੀ ਬਣਾਈ ਗਈ । 2002 ਵਿਚ ਬਣਾਈ ਇਸ ਕਮੇਟੀ ਦੀ ਅਗਵਾਈ ਇਕ ਵਾਰ ਫਿਰ ਡਾ. ਜੌਹਲ ਨੂੰ ਸੌਂਪੀ ਗਈ । ਕਮੇਟੀ ਨੇ ਆਪਣੀ ਰਿਪੋਰਟ ਵਿਚ ਦਸ ਲੱਖ ਹੈਕਟੇਅਰ ਰਕਬਾ ਝੋਨੇ ਅਤੇ ਕਣਕ ਹੇਠੋਂ ਕੱਢ ਕੇ ਘੱਟ ਪਾਣੀ ਨਾਲ ਪਲਣ ਵਾਲੀਆਂ ਅਤੇ ਜ਼ਮੀਨ ਤੇ ਚੌਗਿਰਦੇ 'ਤੇ ਬੋਝ ਨਾ ਬਣਨ ਵਾਲੀਆਂ ਤੇਲ ਬੀਜਾਂ ਅਤੇ ਦਾਲਾਂ ਜਿਹੀਆਂ ਫਸਲਾਂ ਦੀ ਕਾਸ਼ਤ ਕਰਨ ਦੀ ਸਿਫਾਰਸ਼ ਕੀਤੀ । ਇਸ ਮੰਤਵ ਲਈ ਫੰਡ ਚਾਹੀਦੇ ਹਨ । ਵੰਨ-ਸਵੰਨਤਾ ਅਪਣਾਉਣ ਵਾਲੇ ਕਿਸਾਨਾਂ ਨੂੰ 12500 ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਣਾ ਸੀ । 12ਵੇਂ ਵਿੱਤ ਕਮਿਸ਼ਨ ਨੇ ਚਾਰ ਸਾਲਾਂ ਲਈ 96 ਕਰੋੜ ਰੁਪਏ ਰੱਖੇ ਜਿਸ ਵਿਚ ਸ਼ਰਤ ਸੀ ਕਿ 'ਸਿੱਧਾ ਨਗਦ ਮੁਆਵਜ਼ਾ' ਨਹੀਂ ਦਿੱਤਾ ਜਾਵੇਗਾ । ਕੰਟਰੈਕਟ ਖੇਤੀ ਲਈ ਸ਼ੁਰੂ ਕੀਤਾ ਪਾਇਲਟ ਪ੍ਰੋਗਰਾਮ ਅਢੁੱਕਵੇਂ ਬੀਜਾਂ ਦੀ ਸਪਲਾਈ, ਘੱਟ ਪੈਦਾਵਾਰ ਤੇ ਜਿਣਸ ਨੂੰ ਤੈਅ ਕੀਤੀਆਂ ਕੀਮਤਾਂ 'ਤੇ ਖਰੀਦਣ ਤੋਂ ਦਿਖਾਈ ਝਿਜਕ ਕਾਰਨ ਅਸਫਲ ਹੋ ਗਿਆ । ਕੇਂਦਰ ਦੀ ਬੇਦਿਲੀ ਤੇ ਕਾਇਦੇ ਦੀ ਘਾਟ ਕਾਰਨ ਪਾਇਲਟ ਪ੍ਰੋਗਰਾਮ ਕਦੇ ਵੀ ਉਤਾਂਹ ਨਹੀਂ ਜਾ ਸਕਿਆ । ਜਾਪਦਾ ਹੈ, ਅਸੀਂ ਪਟਕਥਾ ਮੁਤਾਬਕ ਹੀ ਚੱਲ ਰਹੇ ਹਾਂ : ਨੀਤੀ ਬਣਾਓ, ਅਸਫਲ ਹੋਣ 'ਤੇ ਤਬਦੀਲੀ ਕਰੋ, ਇਸ ਨੂੰ ਸਾਧਨਾਂ ਦਾ ਆਸਰਾ ਨਾ ਦਿਓ, ਆਫਤ ਐਲਾਨੋ, ਦੁਬਾਰਾ ਓਹੀ ਕਰੋ ।

ਡਾ. ਜੀ ਐੱਸ ਕਾਲਕਟ ਦੀ ਅਗਵਾਈ ਵਿਚ ਬਣੀ ਇਕ ਹੋਰ ਕਮੇਟੀ ਨੇ 2013 ਵਿਚ ਰਾਜ ਖੇਤੀਬਾੜੀ ਨੀਤੀ ਦਾ ਖਰੜਾ ਤਿਆਰ ਕਰ ਕੇ ਫਸਲੀ ਵੰਨ-ਸਵੰਨਤਾ ਦੀ ਸਿਫਾਰਸ਼ ਕੀਤੀ । ਇਸ ਨੇ 8700 ਕਰੋੜ ਰੁਪਏ ਦੀ ਕਾਰਜ ਯੋਜਨਾ ਤਿਆਰ ਕੀਤੀ । 2014 ਵਿਚ ਪੰਜਾਬ ਨੇ ਹਰੀ ਕ੍ਰਾਂਤੀ ਵਾਲੇ ਖੇਤਰਾਂ ਲਈ ਫਸਲੀ ਵੰਨ-ਸਵੰਨਤਾ ਯੋਜਨਾ (ਸੀ ਡੀ ਪੀ) ਤਿਆਰ ਕੀਤੀ ਜਿਸ ਨੂੰ ਵਿਸ਼ੇਸ਼ ਯੋਜਨਾ ਵਜੋਂ ਆਰ ਕੇ ਵੀ ਵਾਈ ਤਹਿਤ ਮਨਜ਼ੂਰੀ ਦਿੱਤੀ ਗਈ । ਇਸ ਨੂੰ ਲਾਗੂ ਕਰਨ ਲਈ 500 ਕਰੋੜ ਰੁਪਏ ਰੱਖੇ ਜਿਸ ਵਿਚ ਪੰਜਾਬ ਦਾ ਹਿੱਸਾ 224 ਕਰੋੜ ਰੁਪਏ ਸੀ ਪਰ ਇਸ ਨੂੰ ਸਿਖਰਲੇ ਪੱਧਰ 'ਤੇ ਕੀਤੇ ਜਾਂਦੇ ਫੈਸਲਿਆਂ ਦੀ ਮਾਰ ਪੈ ਗਈ ਅਤੇ ਰਾਜ ਕੋਲ ਇਸ ਨੂੰ ਸਥਾਨਕ ਲੋੜਾਂ ਮੁਤਾਬਕ ਢਾਲਣ ਲਈ ਜ਼ਿਆਦਾ ਥਾਂ ਨਹੀਂ ਬਚੀ । ਸੀ ਡੀ ਪੀ ਨੂੰ ਅਜੇ ਵੀ ਨਿਗੂਣੀ ਰਾਸ਼ੀ ਹੀ ਮਿਲਦੀ ਹੈ ।

2017 ਵਿਚ ਨਵੇਂ ਸਿਰਿਓਂ ਬਣਾਏ ਪੰਜਾਬ ਰਾਜ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਨੇ ਅਜੈ ਵੀਰ ਜਾਖੜ ਦੀ ਅਗਵਾਈ ਹੇਠ ਇਕ ਹੋਰ ਨੀਤੀ ਦਾ ਖਰੜਾ ਤਿਆਰ ਕੀਤਾ । ਇਸ ਦੀ ਰਿਪੋਰਟ ਵਿਚ ਝੋਨੈ ਹੇਠਲਾ ਰਕਬਾ ਘਟਾਉਣ ਤੇ ਮੁਫਤ ਬਿਜਲੀ ਉੱਤੇ ਕੁਝ ਰੋਕਾਂ ਲਾਉਣ ਦੀ ਸਿਫਾਰਸ਼ ਕੀਤੀ ਗਈ । ਰਿਪੋਰਟ ਦੀ ਪੜਚੋਲ ਲਈ ਮੰਤਰੀ ਪੱਧਰ ਦੀ ਕਮੇਟੀ ਬਣਾਈ ਗਈ ਪਰ ਮੁਫਤ ਬਿਜਲੀ ਦਾ ਮੁੱਦਾ ਕਾਰਵਾਈ ਲਈ ਸਿਆਸੀ ਪੱਖ ਤੋਂ ਬਹੁਤ ਸੰਵੇਦਨਸ਼ੀਲ ਸੀ ।

ਵਰਤਮਾਨ ਸਮੇਂ 'ਚ ਖੇਤੀ ਨੀਤੀ-2023 ਦੇ ਖਰੜੇ ਦੀ ਬਾਤ ਮੁੜ ਤੋਂ ਫਿਜ਼ਾਵਾਂ 'ਚ ਗੂੰਜ ਰਹੀ ਹੈ । ਇਸ ਵਿਚ ਫਸਲੀ ਵੰਨ-ਸਵੰਨਤਾ ਦੀ ਤਜਵੀਜ਼ ਹੈ, ਨਫੇ ਦੇ ਫਾਰਮੂਲੇ ਦੀ ਤੁਲਨਾ ਦੇ ਨਾਲ ਬਦਲਵੀਆਂ ਫਸਲਾਂ ਲਈ ਐੱਮ ਐੱਸ ਪੀ ਤੈਅ ਕਰਨ ਅਤੇ ਐੱਮ ਐੱਸ ਪੀ ਲਈ ਕਾਨੂੰਨੀ ਗਰੰਟੀ ਦੇਣ ਦੀ ਗੱਲ ਕੀਤੀ ਹੈ । ਇਸ ਵਿਚ ਤਜਵੀਜ਼ ਹੈ ਕਿ 15 'ਡਾਰਕ' ਬਲਾਕਾਂ ਵਿਚ ਝੋਨੇ ਦੀ ਬਿਜਾਈ ਬੰਦ ਕਰ ਦਿੱਤੀ ਜਾਵੇ ਅਤੇ ਮਗਰੋਂ ਹੋਰ ਇਸ ਤਰ੍ਹਾਂ ਦੇ ਇਲਾਕਿਆਂ 'ਚ ਅਜਿਹਾ ਕੀਤਾ ਜਾ ਸਕਦਾ ਹੈ । ਇਸ ਦੇ ਨਾਲ ਹੀ ਪਾਣੀ ਬਚਾਉਣ ਵਾਲੀਆਂ ਹੋਰ ਤਕਨੀਕਾਂ ਜਿਵੇਂ ਬਦਲਵੀਂ ਸਿੰਜਾਈ ਤੇ ਸੁਕਾਈ, ਝੋਨੇ ਦੀ ਸਿੱਧੀ ਬਿਜਾਈ, ਬੈੱਡ-ਪਲਾਂਟਿੰਗ ਤੇ ਮਾਈਕ੍ਰੋ-ਸਿੰਜਾਈ ਦੀਆਂ ਵੀ ਸਿਫਾਰਸ਼ਾਂ ਕੀਤੀਆਂ ਹਨ ਪਰ ਇਹ ਹਿੰਮਤੀ ਫੈਸਲੇ ਕਰਨ ਲਈ ਸਿਆਸੀ ਇੱਛਾ ਸ਼ਕਤੀ ਦੀ ਲੋੜ ਪਏਗੀ । ਇੱਥੇ ਮੁਕਾਬਲਾ ਵਿਗਿਆਨ ਤੇ ਚੁਣਾਵੀ ਝਟਕਿਆਂ ਦੇ ਭੈਅ ਵਿਚਾਲੇ ਹੈ ।

ਇਸ ਦੇ ਨਾਲ ਹੀ ਪ੍ਰੋਟੀਨ ਭਰਪੂਰ ਖਾਣਾ ਹਰਮਨ-ਪਿਆਰਾ ਹੋ ਰਿਹਾ ਹੈ ਜਿਸ ਨਾਲ ਚੌਲਾਂ ਤੇ ਕਣਕ ਦੀ ਮੰਗ ਘਟ ਰਹੀ ਹੈ । ਦੂਜੇ ਰਾਜਾਂ ਵਿਚ ਵਧੀਆ ਫਸਲੀ ਪੈਦਾਵਾਰ ਹੋ ਰਹੀ ਹੈ । ਮੰਡੀ ਅਤੇ ਕੇਂਦਰ ਸਰਕਾਰ ਜਿਣਸ ਲਈ ਖੇਤੀ ਲਾਗਤਾਂ ਤੇ ਖਰੀਦ ਕੀਮਤਾਂ ਤੈਅ ਕਰਦੇ ਹਨ । ਨੀਤੀ ਨਿਰਧਾਰਨ ਨਾਲ ਸਬੰਧਿਤ ਜ਼ਿਆਦਾਤਰ ਖੇਤਰ ਜਿਨ੍ਹਾਂ ਵਿਚ ਬਰਾਮਦ/ਦਰਾਮਦ ਸ਼ਾਮਲ ਹੈ, ਕੇਂਦਰ ਦੇ ਅਧਿਕਾਰ ਖੇਤਰ ਵਿਚ ਆ ਚੁੱਕੇ ਹਨ, ਇਸ ਵਿਚ ਦਰਾਂ ਤੇ ਕਰ ਅਤੇ ਡਬਲਿਊਟੀਓ ਅਧੀਨ ਹੋਣ ਵਾਲੇ ਕਈ ਸਮਝੌਤੇ ਵੀ ਸ਼ਾਮਲ ਹਨ ।

ਭਾਰਤ ਪਾਣੀ ਸਮੇਤ ਫਸਲਾਂ ਦੀ ਉਤਪਾਦਕਤਾ ਚਾਹੁੰਦਾ ਹੈ ਅਤੇ ਕਿਸਾਨ ਬਿਹਤਰ ਆਮਦਨੀ ਚਾਹੁੰਦੇ ਹਨ । ਇਸ ਦਾ ਜਵਾਬ ਫਸਲੀ ਵੰਨ-ਸਵੰਨਤਾ ਵਿਚ ਪਿਆ ਹੈ ਅਤੇ ਇਹ ਨੀਤੀ ਨਿਰਧਾਰਨ ਵਿਚ ਰਾਜਾਂ ਦੀ ਸ਼ਮੂਲੀਅਤ ਯਕੀਨੀ ਬਣਾ ਕੇ ਕੇਂਦਰ ਸਰਕਾਰ ਦੁਆਰਾ ਹੀ ਦਿੱਤਾ ਜਾ ਸਕਦਾ ਹੈ । ਇਸ ਲਈ ਰਾਜਾਂ ਨੂੰ ਖੇਤਰੀ ਪੱਧਰ 'ਤੇ ਢੁੱਕਵੀਆਂ ਨੀਤੀਆਂ ਲਾਗੂ ਕਰਨ ਦੀ ਖੁੱਲ੍ਹ ਦੇਣੀ ਪਏਗੀ ਅਤੇ ਪੈਸਾ ਖਰਚ ਕੇ ਸਾਧਨ ਮੁਹੱਈਆ ਕਰਾਉਣੇ ਪੈਣਗੇ ਜਿੱਥੇ ਸਰਕਾਰ ਜ਼ਿਆਦਾਤਰ ਹੱਥ ਘੱਟ ਲੈਂਦੀ ਹੈ ।



## ਜ਼ਮੀਨ ਦੀ ਚੰਗੀ ਸਿਹਤ ਤੇ ਸਥਿਰ ਖੇਤੀ ਲਈ

# ਪਰਾਲੀ ਦੀ ਸੁਚੱਜੀ ਸੰਭਾਲ

ਮੱਖਣ ਸਿੰਘ ਭੁੱਲਰ,
ਨਿਰਦੇਸ਼ਕ ਪਸਾਰ ਸਿੱਖਿਆ,
ਪੀ. ਏ. ਯੂ., ਲੁਧਿਆਣਾ

**ਫਸਲਾਂ ਦੀ ਰਹਿੰਦ-ਖੂੰਹਦ ਦੀ ਸੁਚੱਜੀ ਸੰਭਾਲ ਕਰਨ ਲਈ ਪੀ ਏ ਯੂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਕਿਸਾਨ ਸਲਾਹਕਾਰ ਸੇਵਾ ਕੇਂਦਰਾਂ ਵੱਲੋਂ ਬਹੁਤ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਇਨ੍ਹਾਂ ਵੱਲੋਂ ਆਪਣੀਆਂ ਪਸਾਰ ਗਤੀਵਿਧੀਆਂ ਦੁਆਰਾ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਮੁਹੱਈਆ ਕਰਨ ਅਤੇ ਜਾਗਰੂਕਤਾ ਪੈਦਾ ਕਰਨ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਅਤੇ ਖੇਤ ਪਸਾਰ ਕਾਮਿਆਂ ਨੂੰ ਵੀ ਫਸਲਾਂ ਦੀ ਰਹਿੰਦ-ਖੂੰਹਦ ਸੰਭਾਲਣ ਲਈ ਜਾਗਰੁਕ ਕਰਨ ਦੇ ਨਾਲ-ਨਾਲ ਤਕਨੀਕੀ ਜਾਣਕਾਰੀ ਪ੍ਰਦਾਨ ਕੀਤੀ ਗਈ।**

ਭਾਰਤੀ ਲੋਕਾਂ ਦੀ ਖੁਰਾਕੀ ਸੁਰੱਖਿਆ ਅਤੇ ਦੇਸ਼ ਦੀ ਆਰਥਿਕ ਸਥਿਰਤਾ ਲਈ ਪੰਜਾਬ ਨੇ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ ਹੈ। 1960ਵਿਆਂ ਤੋਂ ਪਹਿਲਾਂ ਪੁਰਾਤਨ ਵਿਧੀਆਂ ਨਾਲ ਹੋ ਰਹੀ ਖੇਤੀ, ਕੁਦਰਤੀ ਆਫਤਾਂ ਅਤੇ ਵਧਦੀ ਆਬਾਦੀ ਕਾਰਨ ਸਾਡਾ ਦੇਸ਼ ਗੰਭੀਰ ਖੁਰਾਕੀ ਸੰਕਟ ਦਾ ਸਾਹਮਣਾ ਕਰ ਰਿਹਾ ਸੀ। ਪੰਜਾਬ ਵਿਚ ਹਰੀ ਕ੍ਰਾਂਤੀ ਦੀ ਆਮਦ ਤੇ ਖੇਤੀਬਾੜੀ ਵਿਚ ਤਕਨੀਕੀਕਰਨ ਬਦੌਲਤ ਜਿੱਥੇ ਕਣਕ ਦੀ ਪੈਦਾਵਾਰ ਵਿਚ ਅਥਾਹ ਵਾਧਾ ਹੋਇਆ, ਉੱਥੇ ਇਸ ਨੇ ਪੰਜਾਬ ਵਿਚ ਝੋਨੇ ਦੀ ਵੱਡੀ ਪੱਧਰ 'ਤੇ ਕਾਸ਼ਤ ਕਰਨ ਲਈ ਜਾਗ ਲਗਾਉਣ ਦਾ ਵੀ ਕੰਮ ਕੀਤਾ। ਹਾਲਾਂਕਿ ਝੋਨਾ ਪੰਜਾਬ ਦੀ ਪ੍ਰੰਪਰਾਗਤ ਫਸਲ ਨਹੀਂ ਸੀ ਪਰ ਵਿਗਿਆਨਕ ਖੇਤੀ ਦੀ ਨੀਂਹ ਰੱਖਣ ਦੇ ਨਾਲ ਹੀ ਇਸ ਫਸਲ ਵਿਚ ਲਗਾਤਾਰ ਵਾਧਾ ਹੋਇਆ ਅਤੇ ਪੰਜਾਬ ਵਿਚ ਕਣਕ-ਝੋਨਾ ਹੀ ਪ੍ਰਮੁੱਖ ਫਸਲੀ ਚੱਕਰ ਬਣ ਕੇ ਰਹਿ ਗਿਆ। ਪੰਜਾਬ ਦੇ ਮੌਜੂਦਾ ਖੇਤੀਬਾੜੀ ਢਾਂਚੇ ਦੀ ਹੋਂਦ ਹਰੀ-ਕ੍ਰਾਂਤੀ ਦੇ ਨਤੀਜਿਆਂ ਦੀ ਉਤਪਤੀ ਕਹੀ ਜਾ ਸਕਦੀ ਹੈ। ਪਿਛਲੇ ਪੰਜ ਦਹਾਕਿਆਂ ਦੌਰਾਨ, ਝੋਨਾ-ਕਣਕ ਦੀ ਫਸਲੀ ਪ੍ਰਣਾਲੀ ਨੇ 1960 ਦੇ ਦਹਾਕੇ ਦੇ ਦਾਲਾਂ, ਤੇਲ ਬੀਜਾਂ, ਮੱਕੀ,



ਜੌਂਅ, ਰਾਗੀ, ਦੇਸੀ ਕਪਾਹ ਆਦਿ ਦੀ ਕਾਸ਼ਤ ਵਾਲੀਆਂ ਫਸਲਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। 1960-61 ਤੋਂ 2022-23 ਤੱਕ ਝੋਨੇ ਹੇਠ ਰਕਬਾ 227 ਹਜ਼ਾਰ ਹੈਕਟੇਅਰ ਤੋਂ ਵਧ ਕੇ 3168 ਹਜ਼ਾਰ ਹੈਕਟੇਅਰ (13.95 ਗੁਣਾ) ਅਤੇ ਕਣਕ ਵਿਚ ਇਹ 1400 ਹਜ਼ਾਰ ਹੈਕਟੇਅਰ ਤੋਂ ਵਧ ਕੇ 3517 ਹਜ਼ਾਰ ਹੈਕਟੇਅਰ (2.51 ਗੁਣਾ) ਹੋ ਗਿਆ। ਭਾਰਤ ਦੇ ਕੇਂਦਰੀ ਅੰਨ ਭੰਡਾਰ ਵਿਚ ਪੰਜਾਬ ਦੇ ਝੋਨੇ ਅਤੇ ਕਣਕ ਦਾ ਹਿੱਸਾ 2022-23 ਵਿਚ ਖਤਮ ਹੋਣ ਵਾਲੇ ਦਹਾਕੇ ਵਿਚ ਕ੍ਰਮਵਾਰ 21.4 ਤੋਂ 46.3 % ਰਿਹਾ। ਭਾਵੇਂ ਪੰਜਾਬ ਨੇ ਝੋਨੇ-ਕਣਕ ਦੇ ਫਸਲੀ ਚੱਕਰ ਦੀ ਬਦਲੌਤ ਦੇਸ਼ ਦੇ ਲੋਕਾਂ ਦੀ ਖੁਰਾਕੀ ਸੁਰੱਖਿਆ ਨੂੰ ਤਾਂ ਯਕੀਨੀ ਬਣਾਇਆ ਪਰ ਇਸ ਖਾਤਰ ਸੂਬੇ ਦੇ ਕੁਦਰਤੀ ਸਰੋਤਾਂ ਅਤੇ ਵਾਤਾਵਰਨ ਨੂੰ ਭਾਰੀ ਢਾਹ ਲੱਗੀ।

ਮੌਜੂਦਾ ਫਸਲੀ ਪ੍ਰਣਾਲੀ ਦੇ ਪ੍ਰਫੁੱਲਤ ਹੋਣ ਨਾਲ ਪੰਜਾਬ ਦਾ ਲਗਭਗ 100 ਫੀਸਦੀ ਖੇਤੀਯੋਗ ਰਕਬਾ ਸੇਂਜੂ ਹੋ ਗਿਆ। ਇਨ੍ਹਾਂ ਫਸਲਾਂ ਲਈ ਸਿੰਜਾਈ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸੂਬੇ ਵਿਚ ਲਗਭਗ 15.29 ਲੱਖ ਟਿਊਬਵੈੱਲ ਜ਼ਮੀਨ ਹੇਠੋਂ ਪਾਣੀ ਕੱਢ ਰਹੇ ਹਨ ਅਤੇ ਮੌਜੂਦਾ ਸਮੇਂ ਵਿਚ ਔਸਤਨ ਹਰ 6.5 ਏਕੜ ਜ਼ਮੀਨ ਵਿੱਚੋਂ ਇੱਕ ਟਿਊਬਵੈੱਲ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢ ਰਿਹਾ ਹੈ। ਇਸ ਤੋਂ ਇਲਾਵਾ, ਰਾਜ ਦੇ ਹਰ ਕੋਨੇ ਤੇ ਬਿਜਲੀ ਦੀ ਨਿਯਮਤ ਸਪਲਾਈ ਲਈ, ਇੱਕ ਵਿਸ਼ਾਲ ਬਿਜਲੀ ਬੁਨਿਆਦੀ ਢਾਂਚਾ ਵਿਕਸਤ ਬਣਾਇਆ ਗਿਆ ਹੈ ਅਤੇ ਇਸ ਨੂੰ ਨਿਯੰਤਰਤ ਕੀਤਾ ਜਾ ਰਿਹਾ ਹੈ। ਕੁਦਰਤੀ ਸੋਮਿਆਂ ਖਾਸ ਕਰ ਕੇ ਧਰਤੀ ਹੇਠਲੇ ਪਾਣੀ ਦੇ ਨਿਘਾਰ, ਖੇਤੀ ਰਹਿੰਦ-ਖੂੰਹਦ ਦੇ ਨਿਬੇੜੇ ਦੀ ਸਮੱਸਿਆ, ਵਾਤਾਵਰਨ ਪ੍ਰਦੂਸ਼ਣ, ਵਾਤਾਵਰਨਕ ਅਸੰਤੁਲਨ ਅਤੇ ਘਟਦੀ ਜੈਵ-ਵੰਨ ਸਵੰਨਤਾ ਸੂਬੇ ਦੀ ਮੌਜੂਦਾ ਖੇਤੀਬਾੜੀ ਪ੍ਰਣਾਲੀ ਤੋਂ ਪੈਦਾ ਹੋਣ ਵਾਲੀਆਂ ਪ੍ਰਮੁੱਖ ਚਿੰਤਾਵਾਂ ਹਨ।

ਪਰਾਲੀ ਦੀ ਸੰਭਾਲ ਦਾ ਮੁੱਦਾ ਕਈ ਸਾਲਾਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ ਜ਼ਿਆਦਾਤਰ ਕਿਸਾਨ ਅਜੇ ਵੀ ਝੋਨੇ ਦੀ ਵਢਾਈ ਤੋਂ ਬਾਅਦ ਬਚੀ ਹੋਈ ਪਰਾਲੀ ਨੂੰ ਸਾੜ ਦਿੰਦੇ ਹਨ। ਇਸ ਮੁੱਦੇ ਨੇ ਸਰਕਾਰ ਅਤੇ ਸਬੰਧਿਤ ਸੰਸਥਾਵਾਂ ਨੂੰ ਪਹਿਲ ਦੇ ਆਧਾਰ 'ਤੇ ਪਰਾਲੀ ਦੀ ਸੰਭਾਲ ਲਈ ਬੁਨਿਆਦੀ ਢਾਂਚਾ ਪ੍ਰਦਾਨ ਕਰਨ, ਤਕਨੀਕਾਂ ਵਿਕਸਤ ਕਰਨ ਅਤੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਮਜਬੂਰ ਕੀਤਾ। ਪੀ ਏ ਯੂ ਨੇ ਪਰਾਲੀ ਦੀ ਸੰਭਾਲ ਨੇਨਾਲ-ਨਾਲ ਕਣਕ ਦੇ ਸਮੇਂ ਸਿਰ ਬਿਜਲੀ ਲਈ ਮਸ਼ੀਨਰੀ ਅਤੇ ਤਕਨੀਕਾਂ ਵਿਕਸਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਕ ਅੰਦਾਜ਼ੇ ਮੁਤਾਬਕ 90 ਫੀਸਦੀ ਤੋਂ ਵੱਧ ਝੋਨੇ ਦੀ ਵਢਾਈ ਕੰਬਾਈਨਾਂ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ, ਜਿਸ ਨਾਲ ਪਰਾਲੀ ਖੇਤਾਂ ਵਿਚ ਰਹਿ ਜਾਂਦੀ ਹੈ।



ਬਹੁਤੀ ਸਾਰੇ ਕਿਸਾਨ ਅਜੇ ਵੀ ਇਸ ਨੂੰ ਖੇਤਾਂ ਵਿਚ ਸਾੜ ਦਿੰਦੇ ਹਨ ਜਿਸ ਨਾਲ ਅਕਤੂਬਰ-ਨਵੰਬਰ ਦੇ ਮਹੀਨਿਆਂ ਵਿਚ ਭਾਰੀ ਹਵਾ ਪ੍ਰਦੂਸ਼ਣ ਹੁੰਦਾ ਹੈ। ਇਸ ਤੋਂ ਇਲਾਵਾ ਪਰਾਲੀ ਨੂੰ ਅੱਗ ਲਗਾਉਣ ਨਾਲ ਲਾਭਦਾਇਕ ਸੂਖਮ ਜੀਵਾਂ, ਜਾਨਵਰਾਂ ਅਤੇ ਪੰਛੀਆਂ ਦਾ ਵੀ ਨੁਕਸਾਨ ਹੁੰਦਾ ਹੈ। ਇਹ ਦੇਖਿਆ ਗਿਆ ਹੈ ਕਿ ਇਕ ਹੈਕਟੇਅਰ ਰਕਬੇ 'ਤੇ ਪਰਾਲੀ ਨੂੰ ਸਾੜਨ ਨਾਲ 33.0 ਕਿਲੋ ਨਾਈਟ੍ਰੋਜਨ, 13.8 ਕਿਲੋ ਫਾਸਫੋਰਸ, 150 ਕਿਲੋ ਪੋਟਾਸ਼ੀਅਮ, 7.2 ਕਿਲੋ ਜ਼ਿੰਕ ਅਤੇ 2400 ਕਿਲੋ ਜੈਵਿਕ ਕਾਰਬਨ ਨਸ਼ਟ ਹੋ ਜਾਂਦੇ ਹਨ। ਪੰਜਾਬ ਰਾਜ ਵਰਗੇ ਖੇਤਰਾਂ ਵਿਚ ਵਾਤਾਵਰਨ ਸੰਤੁਲਨ ਨੂੰ ਕਾਇਮ ਰੱਖਣ ਲਈ, ਲਗਭਗ 20% ਰਕਬਾ ਦਰੱਖਤਾਂ ਹੇਠ ਹੋਣਾ ਚਾਹੀਦਾ ਹੈ, ਪਰ ਪੰਜਾਬ ਵਿਚ ਇਹ ਘਟ ਕੇ ਸਿਰਫ 6.0 ਫੀਸਦੀ ਤੋਂ ਵੀ ਹੇਠਾਂ ਰਹਿ ਗਿਆ ਹੈ। ਜੈਵ ਵੰਨ-ਸਵੰਨਤਾ ਨੂੰ ਕਾਇਮ ਰੱਖਣ ਲਈ ਗੰਭੀਰ ਯਤਨਾਂ ਦੀ ਲੋੜ ਹੈ।

ਯੂਨੀਵਰਸਿਟੀ ਨੇ ਪਰਾਲੀ ਦੀ ਸੁਚੱਜੀ ਸੰਭਾਲ ਲਈ ਕਈ ਤਕਨੀਕਾਂ ਵਿਕਸਿਤ ਕੀਤੀਆਂ ਹਨ। ਪਰਾਲੀ ਦੀ ਖੇਤਾਂ ਵਿਚ ਹੀ ਸੰਭਾਲ (ਇਨ-ਸੀਟੂ) ਬਹੁਤ ਹੀ ਵਧੀਆ ਵਿਕਲਪ ਹੈ, ਇਸ ਲਈ ਸਮਾਰਟ ਸੀਡਰ, ਹੈਪੀ ਸੀਡਰ, ਸਟਰਾਅ ਮੈਨੇਜਮੈਂਟ ਸਿਸਟਮ, ਸੁਪਰ ਸੀਡਰ, ਜ਼ੀਰੋ-ਟਿਲ ਡਰਿੱਲ, ਸ਼ਰੈਡਰ ਅਤੇ ਮਲਚਰ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕੰਬਾਈਨ ਹਾਰਵੈਸਟਰ ਨਾਲ ਸਟਰਾਅ ਮੈਨੇਜਮੈਂਟ ਸਿਸਟਮ (ਐੱਸ ਐੱਮ ਐੱਸ) ਲਗਾਉਣ ਲਾਜ਼ਮੀ ਹੈ। ਸੁਪਰ ਸੀਡਰ ਮਸ਼ੀਨ ਦੇ ਚੱਲਣ ਲਈ ਜ਼ਿਆਦਾ ਹਾਰਸਪਾਵਰ ਵਾਲੇ ਟਰੈਕਟਰ ਦੀ ਲੋੜ ਪੈਂਦੀ ਹੈ ਜੋ ਕਿ ਆਮ ਕਿਸਾਨ ਦੀ ਪਹੁੰਚ ਤੋਂ ਬਾਹਰ ਹੁੰਦੀ ਹੈ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਯੂਨੀਵਰਸਿਟੀ ਨੇ ਸਮਾਰਟ ਸੀਡਰ ਮਸ਼ੀਨ ਦੀ ਸਿਫਾਰਸ਼ ਕੀਤੀ ਹੈ, ਜੋ ਕਿਸਾਨਾਂ ਕੋਲ ਉਪਲਬਧ ਟਰੈਕਟਰ ਨਾਲ ਹੀ ਚੱਲ ਜਾਂਦੀ ਹੈ। ਇਹ ਮਸ਼ੀਨ ਸੁਪਰ ਸੀਡਰ



ਅਤੇ ਹੈਪੀ ਸੀਡਰ ਦਾ ਸੁਮੇਲ ਹੈ ਜੋ ਕਿ ਜ਼ਮੀਨ ਦੇ ਥੋੜ੍ਹੇ ਹਿੱਸੇ ਵਿਚ ਵਹਾਈ ਕਰਦੀ ਹੈ ਅਤੇ ਬਾਕੀ ਹਿੱਸੇ ਤੇ ਜ਼ਮੀਨ ਦੀ ਸਤਹਿ ਉੱਤੇ ਮਲਚ ਰਹਿੰਦੀ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਝੋਨੇ ਦੀ ਰਹਿੰਦ-ਖੂੰਹਦ ਦੀ ਸੰਭਾਲ ਨੇ ਨਾਲ-ਨਾਲ ਕਣਕ ਦੀ ਬਿਜਾਈ ਲਈ ਘੱਟ ਲਾਗਤ ਵਾਲੇ 'ਸਰਫੇਸ ਸੀਡਿੰਗ' ਤਕਨੀਕ ਸਿਫਾਰਸ਼ ਕੀਤੀ ਹੈ। ਇਸ ਤਕਨੀਕੀ ਵਿਚ 'ਸਰਫੇਸ ਸੀਡਰ' ਜੋ ਇਕ ਘੱਟ ਕੀਮਤ ਵਾਲੀ ਮਸ਼ੀਨ ਹੈ, ਉਸ ਨਾਲ ਕਣਕ ਦੇ ਬੀਜ ਅਤੇ ਮੁੱਢਲੀ ਰਸਾਇਣਕ ਖਾਦ ਨੂੰ ਕੰਬਾਈਨ ਨਾਲ ਕਟਾਈ ਨਾਲ ਝੋਨੇ ਵਾਲੇ ਖੇਤ ਵਿਚ ਇਕਸਾਰ ਕੇਰਦੀ ਹੈ।

ਫਸਲਾਂ ਦੀ ਰਹਿੰਦ-ਖੂੰਹਦ ਦੀ ਸੁਚੱਜੀ ਸੰਭਾਲ ਕਰਨ ਲਈ ਪੀ ਏ ਯੂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਕਿਸਾਨ ਸਲਾਹਕਾਰ ਸੇਵਾ ਕੇਂਦਰਾਂ ਵੱਲੋਂ ਬਹੁਤ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਇਨ੍ਹਾਂ ਵੱਲੋਂ ਆਪਣੀਆਂ ਪਸਾਰ ਗਤੀਵਿਧੀਆਂ ਦੁਆਰਾ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਮੁਹੱਈਆ ਕਰਨ ਅਤੇ ਜਾਗਰੂਕਤਾ ਪੈਦਾ ਕਰਨ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਅਤੇ ਖੇਤ ਪਸਾਰ ਕਾਮਿਆਂ ਨੂੰ ਵੀ ਫਸਲਾਂ ਦੀ ਰਹਿੰਦ-ਖੂੰਹਦ ਸੰਭਾਲਣ ਲਈ ਜਾਗਰੂਕ ਕਰਨ ਦੇ ਨਾਲ-ਨਾਲ ਤਕਨੀਕੀ ਜਾਣਕਾਰੀ ਪ੍ਰਦਾਨ ਕੀਤੀ ਗਈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪੀ ਏ ਯੂ ਲੁਧਿਆਣਾ ਦੇ ਸਾਰੇ ਕ੍ਰਿਸ਼ੀ ਵਿਗਿਆਨ ਕੇਂਦਰਾਂ 'ਤੇ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ , ਕਟਰ-ਕਮ-ਸਪਰੈੱਡਰ, ਮਲਚਰ, ਮੋਲਡ ਬੋਰਡ ਪਲੋਅ, ਰਿਵਰਸੀਬਲ ਮੋਲਡ ਬੋਰਡ ਪਲੋਅ ਆਦਿ ਵਰਗੀਆਂ ਵੱਡੀ ਗਿਣਤੀ ਵਿਚ ਮਸ਼ੀਨਾਂ ਉਪਲੱਬਧ ਹਨ ਜੋ ਫਸਲਾਂ ਦੀ ਰਹਿੰਦ-ਖੂੰਹਦ ਦੀ ਸੰਭਾਲ ਲਈ ਲੋੜੀਂਦੀਆਂ ਹਨ। ਪਿਛਲੇ ਸਾਲ ਦੌਰਾਨ ਇਨ੍ਹਾਂ ਮਸ਼ੀਨਾਂ ਨੂੰ ਸੂਬੇ ਦੇ 1310 ਕਿਸਾਨਾਂ ਵੱਲੋਂ 3925 ਏਕੜ ਰਕਬੇ 'ਤੇ ਫਸਲਾਂ ਦੀ ਰਹਿੰਦ-ਖੂੰਹਦ ਵੀ ਸੰਭਾਲ ਲਈ ਵਰਤਿਆ ਗਿਆ। ਇਹ ਮਸ਼ੀਨਾਂ ਬਹੁਤ ਹੀ ਮਾਮੂਲੀ ਕਿਰਾਏ 'ਤੇ ਮੁਹੱਈਆ ਕਰਵਾਈਆਂ ਗਈਆਂ ਸਨ। ਕਣਕ ਦੀ ਫਸਲ ਦੀ ਵਢਾਈ ਵੇਲੇ ਕਿਸਾਨਾਂ ਨੂੰ ਪ੍ਰਚੱਲਤ ਤਕਨੀਕਾਂ ਦੇ ਮੁਕਾਬਲੇ ਨਵੀਆਂ ਤਕਨੀਕਾਂ ਵਾਲੀਆਂ ਪ੍ਰਦਰਸ਼ਨੀਆਂ ਦੇ ਨਤੀਜੇ ਦਿਖਾਉਣ ਲਈ 32 ਖੇਤ ਦਿਵਸਾਂ ਦਾ ਪ੍ਰਬੰਧ ਕੀਤਾ ਗਿਆ। ਯੂਨੀਵਰਸਿਟੀ ਨੇ ਵੱਖ-ਵੱਖ ਪਸਾਰ ਸੇਵਾਵਾਂ ਦੁਆਰਾ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਵੀ ਬਹੁਤ ਉਪਰਾਲੇ ਕੀਤੇ ਹਨ। ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਵੱਲੋਂ ਪਿਛਲੇ ਸਾਲ ਇਸ ਦੇ ਪ੍ਰਚਾਰ ਲਈ 911 ਏਕੜ ਵਿਚ ਡੀ ਐਸ ਆਰ ਦੀਆਂ 423 ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਥੋੜ੍ਹੇ ਸਮੇਂ (93 ਦਿਨ) ਵਿਚ ਪੱਕਣ ਵਾਲੀ ਅਤੇ ਘੱਟ ਪਰਾਲੀ ਪੈਦਾ ਕਰਨ ਵਾਲੀ ਝੋਨੇ ਦੀ ਕਿਸਮ ਪੀ ਆਰ-126 ਦੀਆਂ ਵੀ 1483 ਏਕੜ ਰਕਬੇ ਤੇ ਕੁੱਲ 692 ਪ੍ਰਦਰਸ਼ਨੀਆਂ ਲਗਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ। ਪੀ ਏ ਯੂ ਦੀਆਂ ਪਸਾਰ ਸੇਵਾਵਾਂ ਦੇ ਜ਼ਬਰਦਸਤ ਯਤਨਾਂ ਸਦਕਾ ਪਿਛਲੇ ਸਾਲ ਦੌਰਾਨ 70 ਪਿੰਡਾਂ ਨੂੰ ਪਰਾਲੀ ਸਾੜਨ ਤੋਂ ਬਿਲਕੁਲ ਮੁਕਤ ਕੀਤਾ ਗਿਆ ਹੈ।

**ਵਿਸ਼ਵ ਦੇ ਸਭ ਤੋਂ ਠੰਢੇ ਇਲਾਕਿਆਂ ਸਾਈਬੇਰੀਆ, ਕਾਲਾ ਸਾਗਰ, ਯੂਰੇਸ਼ੀਆ, ਮੰਗੋਲੀਆ ਅਤੇ ਚੀਨ ਦੀਆਂ ਜੱਦੀ ਵਸਨੀਕ ਕੂੰਜਾਂ ਅਤੇ ਵੱਖ-ਵੱਖ ਕਿਸਮਾਂ ਦੇ ਰੰਗ ਬਿਰੰਗੇ, ਸੋਹਣੇ ਮਨਮੋਹਨੇ ਪਰਵਾਸੀ ਪੰਛੀ ਹਜ਼ਾਰਾਂ ਦੀ ਗਿਣਤੀ ਵਿਚ ਲੰਬੀਆਂ ਡਾਰਾਂ ਬੰਨ੍ਹ ਕੇ ਹਿਮਾਲੀਆ ਲੜੀ ਦੇ 26 ਹਜ਼ਾਰ ਫੁੱਟ ਉੱਚੇ ਵਿਸ਼ਾਲ ਪਰਬਤਾਂ ਨੂੰ ਪਾਰ ਕਰ ਲੰਬੇਰੇ ਰਾਹ ’ਚ ਆਈਆਂ ਅਨੇਕਾਂ ਔਕੜਾ ਦਾ ਸਾਹਮਣਾ ਕਰਕੇ ਹਰ ਪਾਸੇ ਉਡਾਰੀਆਂ ਮਾਰਦੇ, ਵੰਨ ਸੁਵੰਨੀਆਂ ਅਤੇ ਸੁਰੀਲੀ ਆਂ ਆਵਾਜ਼ਾਂ ਨਾਲ ਵਾਤਾਵਰਨ ’ਚ ਸੰਗੀਤ ਘੋਲਦੇ ਨਜ਼ਰ ਆਉਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਕੱਤਕ ਮਹੀਨੇ ਦੀ ਸ਼ੁਰੂਆਤ ਹੋ ਗਈ ਹੈ। ਜਦੋਂ ਪੰਜਾਬ ਵਿਚ ਭਰ ਜਵਾਨ ਹੋਇਆ ਝੋਨਾ, ਕਪਾਹ ਅਤੇ ਨਰਮੇ ਨੂੰ ਖਿੜੇ ਚਿੱਟੇ-ਚਿੱਟੇ ਨਜ਼ਰੀ ਪੈਣ ਤਾਂ ਪਤਾ ਲੱਗ ਜਾਂਦਾ ਹੈ ਕਿ ਕੱਤਕ ਮਹੀਨੇ ਨੇ ਸਾਡੇ ਬੂਹਿਆਂ ’ਤੇ ਦਸਤਕ ਦੇ ਦਿੱਤੀ ਹੈ।**



# ਕੱਤਕ ਮਹੀਨੇ ਆਵਣ ਕੂੰਜਾਂ

ਕੱਤਕ ਮਹੀਨੇ ਨੂੰ ਕੱਤਾ ਅਤੇ ਕੱਤੇ ਵੀ ਕਹਿ ਲਿਆ ਜਾਂਦਾ ਹੈ। ਕੱਤਕ ਮਹੀਨੇ ਨੂੰ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ‘ਕਾਰਤਿਕ‘ ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਨੂੰ ਅੰਗਰੇਜ਼ੀ ਵਿਚ ‘ਪਲੀਅਡੀਜ਼‘ ਕਹਿੰਦੇ ਹਨ, ਇਸੇ ਤਰ੍ਹਾਂ ਫਾਰਸੀ ਵਿਚ ਕੱਤਕ ਨੂੰ ‘ਪਰਵੀਨ‘ ਅਤੇ ਅਰਬੀ ਭਾਸ਼ਾ ਵਿਚ ‘ਸੋਰਯਾ‘ ਕਹਿੰਦੇ ਹਨ।

ਕੱਤਕ ਮਹੀਨੇ ਬਾਰੇ ਬਾਬਾ ਸ਼ੇਖ ਫਰੀਦ ਜੀ ਨੇ ਲਿਖਿਆ ਹੈ

‘‘ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ।‘‘

ਗੁਰੂ ਨਾਨਕ ਦੇਵ ਹੀ ਨੇ ਆਪਣੀ ਬਾਣੀ ਵਿਚ ਕੱਤਕ ਮਹੀਨੇ ਬਾਰੇ ਲਿਖਿਆ ਹੈ-

‘ਕਤਿਕ ਕਿਰਤੁ ਪਇਆ ਜੋ ਪ੍ਰਭ ਭਾਇਆ‘

ਭਾਈ ਗੁਰਦਾਸ ਜੀ ਨੇ ਕੱਤਕ ਮਹੀਨੇ ਬਾਰੇ ਲਿਖਿਆ ਹੈ :

‘ਕਾਰਤਮ ਮਾਸ ਰੁਤਿ ਸਰਦ ਪੂਰਨਮਾਸੀ ॥
ਆਠ ਜਾਮ ਸਾਇ ਘਰੀ ਆਜੁ ਤੇਰੀ ਬਾਰੀ ਹੈ ॥‘

ਕੱਤਕ ਮਹੀਨੇ ਕੂੰਜਾਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਹੋਰ ਪਰਵਾਸੀ ਪੰਛੀਆਂ ਦੇ ਆਉਣ ਨਾਲ ਹੀ ਉਨ੍ਹਾਂ ਵਿਆਹੁਤਾ ਮੁਟਿਆਰਾਂ ਨੂੰ ਆਪਣੇ ਕੰਤ ਦੇ ਆਉਣ ਦੀ ਉਡੀਕ ਵੀ ਸ਼ੁਰੂ ਹੋ ਜਾਂਦੀ ਹੈ, ਜਿਨ੍ਹਾਂ ਦੇ ਕੰਤ ਰੋਜ਼ੀ ਰੋਟੀ ਦੇ ਜੁਗਾੜ ਲਈ ਸੱਤ ਸਮੁੰਦਰ ਪਾਰ ਪਰਦੇਸ ਉਡਾਰੀ ਮਾਰ ਗਏ ਹੁੰਦੇ ਹਨ। ਅਕਸਰ ਹੀ ਵੱਡੀ ਗਿਣਤੀ ਪਰਵਾਸੀ ਪੰਜਾਬੀ ਦੀਵਾਲੀ ਮੌਕੇ ਆਪਣੇ ਵਤਨ ਪੰਜਾਬ ਗੇੜਾ ਮਾਰਦੇ ਹਨ। ਬਿਰਹੋਂ ਦੀ ਅਗਨੀ ਵਿਚ ਤੜਫਦੀਆਂ ਜੋਬਨਵੰਤੀਆਂ ਮੁਟਿਆਰਾਂ ਦੇ ਕੰਤ ਜਦੋਂ ਕੱਤਕ ਮਹੀਨੇ ਉਨ੍ਹਾਂ ਕੋਲ ਆ ਜਾਂਦੇ ਹਨ ਤਾਂ ਉਨ੍ਹਾਂ ਦੀ ਜ਼ਿੰਦਗੀ ਵਿਚ ਰੌਸ਼ਨੀ ਹੋ ਜਾਂਦੀ ਹੈ।

ਕੱਤਕ ਮਹੀਨੇ ਮਾਲਵਾ ਇਲਾਕੇ ਦੇ ਅਬੋਹਰ ਅਤੇ ਹੋਰ ਇਲਾਕਿਆਂ ਵਿਚ ਮੁਸੰਮੀ ਦੇ ਬੂਟਿਆਂ ਨੂੰ ਭਰਪੂਰ ਫਲ ਲੱਗਿਆ ਹੁੰਦਾ ਹੈ, ਇਸ ਦੇ ਨਾਲ ਕਿੰਨੂ ਦੇ ਪੌਦਿਆਂ ਨੂੰ ਕੱਤਕ ਮਹੀਨੇ ਫਲ ਪੈਣਾ ਸ਼ੁਰੂ ਹੋ ਜਾਂਦਾ ਹੈ, ਜੋ ਕਿ ਅਗਲੇ ਮਹੀਨਿਆਂ ਦੌਰਾਨ ਵੱਡਾ ਹੁੰਦਾ ਜਾਂਦਾ ਹੈ। ਕੱਤਕ ਮਹੀਨੇ ਗੰਨੇ ਦੀ ਫਸਲ ਵੀ ਪੈਲਾਂ ਪਾਉਂਦੀ ਆਪਣੀ ਜਵਾਨੀ ਦਾ ਜਲਵਾ ਦਿਖਾਉਂਦੀ ਪ੍ਰਤੀਤ ਹੁੰਦੀ ਹੈ। ਕੁਝ ਸਾਲ ਪਹਿਲਾਂ ਤੱਕ ਪੰਜਾਬ ਵਿਚ ਕਮਾਦ ਬਹੁਤ ਵੱਡੇ ਪੱਧਰ ਉੱਪਰ ਬੀਜਿਆ ਜਾਂਦਾ ਸੀ ਪਰ ਹੁਣ ਇਸ ਦੀ ਫਸਲ ਹੇਠ ਰਕਬਾ ਬਹੁਤ ਹੀ ਘੱਟ ਗਿਆ ਹੈ। ਕੱਤਕ ਮਹੀਨੇ ਵਿਚ ਅਨੇਕਾਂ ਹੀ ਥਾਵਾਂ ਉੱਪਰ ਗੁੜ ਅਤੇ ਸ਼ੱਕਰ ਬਣਾਉਣ ਵਾਲੇ ਵੇਲਣੇ-ਘੁਲਾੜੀਆਂ ਨਜ਼ਰ ਆਉਂਦੇ ਹਨ। ਕਿਸੇ ਸਮੇਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡਾਂ ਅਤੇ ਰੋਪੜ ਜ਼ਿਲ੍ਹੇ ਦੇ ਪਿੰਡਾਂ ਕੁੱਬਾਹੇੜੀ, ਖਿਜ਼ਰਾਬਾਦ ਵਿਚ ਕੱਤਕ ਮਹੀਨੇ ਬਣਦਾ ਗੁੜ ਅਤੇ ਸ਼ੱਕਰ ਦੂਰ-ਦੂਰ ਤੱਕ ਮਸ਼ਹੂਰ ਸਨ ਪਰ ਹੁਣ ਇਹ ਕੰਮ ਸਥਾਨਕ ਲੋਕਾਂ ਦੀ ਥਾਂ ਦੂਜੇ ਰਾਜਾਂ ਤੋਂ ਆਏ ਮਜ਼ਦੂਰ ਹੀ ਕਰਦੇ ਨਜ਼ਰ ਆਉਂਦੇ ਹਨ। ਕੁੱਬਾਹੇੜੀ ਪਿੰਡ ਵਿਚ ਤਾਂ ਕੱਤਕ ਮਹੀਨੇ ਦੌਰਾਨ ਹਰ ਦਿਨ ਹੀ ਥਾਂ-ਥਾਂ ਲੋਕਾਂ ਵੱਲੋਂ ਆਪਣੇ ਖੇਤਾਂ ਵਿਚ ਹੀ ਵੇਲਣੇ ਅਤੇ ਘੁਲਾੜੀਆਂ ਲਗਾ ਕੇ ਗੁੜ ਅਤੇ ਸ਼ੱਕਰ ਬਣਾਏ ਜਾਂਦੇ ਸਨ।

ਮਿਥਿਹਾਸ ਅਨੁਸਾਰ ਗੰਨੇ ਦੀ ਉਤਪਤੀ ਭਾਰਤ ਵਿਚ ਹੀ ਹੋਈ ਅਤੇ ਇੱਥੋਂ ਹੀ ਇਹ ਸਾਰੀ ਦੁਨੀਆਂ ਵਿਚ ਪਹੁੰਚਿਆ। ਇਹ ਹੀ ਕਿਹਾ ਜਾਂਦਾ ਹੈ ਕਿ ਸਿਕੰਦਰ ਦੇ ਫੌਜੀ ਵਾਪਸ ਮੁੜਦੇ ਸਮੇਂ ਆਪਣੇ ਨਾਲ ਗੰਨਾ ਵੀ ਯੂਰਪ ਵਿਚ ਲੈ ਗਏ। ਕੱਤਕ ਮਹੀਨੇ ਗੰਨੇ ਚੂਪਦੇ ਬੱਚੇ ਅਤੇ ਜਵਾਨ ਅੱਜ ਵੀ ਨਜ਼ਰ ਆ ਜਾਂਦੇ ਹਨ। ਇਸ ਵਾਰ ਸਾਉਣੀ ਦੀ ਫਸਲ ਝੋਨਾ ਦੀ ਬਿਜਾਈ ਲੇਟ ਹੋਣ ਕਰਕੇ ਕੱਤਕ ਮਹੀਨੇ ਝੋਨੇ ਦੀ ਕਟਾਈ ਵੀ ਲੇਟ ਹੋ ਰਹੀ ਹੈ। ਪਿਛਲੇ ਸਾਲਾਂ ਦੌਰਾਨ ਤਾਂ ਕੱਤਕ ਮਹੀਨਾ ਸ਼ੁਰੂ ਹੋਣ ਤੱਕ ਝੋਨੇ ਦੀ ਅੱਧੀ ਤੋਂ ਵੱਧ ਫਸਲ ਮੰਡੀਆਂ ਵਿਚ ਵਿਕ ਜਾਂਦੀ ਰਹੀ ਹੈ। ਇਸ



ਵਾਰ ਨਰਮੇ ਅਤੇ ਕਪਾਹ ਨੂੰ ਗੁਲਾਬੀ ਸੁੰਡੀ ਪੈ ਗਈ ਹੈ। ਇਸ ਗੁਲਾਬੀ ਸੁੰਡੀ ਨੇ ਕਿਸਾਨਾਂ ਦੇ ਸੁਪਨੇ ਕਾਲੇ ਸ਼ਾਹ ਅਤੇ ਸਵਾਹ ਕਰ ਦਿੱਤੇ ਹਨ।

ਅੱਧੇ ਕੱਤੇ ਤੋਂ ਭਾਵ ਕੱਤਕ ਮਹੀਨੇ ਦੇ ਅੱਧ ਵਿਚਕਾਰ ਜਾ ਕੇ ਪੰਜਾਬ ਦੇਦ ਖੇਤਾਂ ਵਿਚ ਹਾੜੀ ਦੀ ਫਸਲ ਕਣਕ ਅਤੇ ਸਰ੍ਹੋਂ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ। ਕੱਤਕ ਮਹੀਨੇ ਕਈ ਵਾਰ ਮੀਂਹ ਵੀ ਪੈ ਜਾਦਾ ਹੈ, ਇਸ ਮਹੀਨੇ ਕਣਕ ਦੀ ਬਿਜਾਈ ਹੋਣ ਨਾਲ ਮੀਂਹ ਪੈਣ ਨੂੰ ਬਹੁਤ ਚੰਗਾ ਸਮਝਿਆ ਜਾਂਦਾ ਹੈ। ਕਿਸਾਨਾਂ ਨੂੰ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਮੀਂਹ ਪੈਣ ਨਾਲ ਕੱਤਕ ਮਹੀਨੇ ਵਿਚ ਹੀ ਸਾਉਣ ਆ ਗਿਆ ਹੋਵੇ।

‘ਕੱਤਕ ਕਿਣਿਆ, ਸੋ ਦਿਨ ਗਿਣਿਆ,
ਮੀਂਹ ਪਿਆ ਦੀਵਾਲੀ, ਜਿਹਾ ਸੱਤਾ ਤਿਹਾ ਹਾਲੀ
ਸਿੱਟਾ ਕੱਢੂ ਵਾਹੀ ਵਾਲੀ‘

ਕੱਤਕ ਮਹੀਨੇ ਵਿਚ ਮੀਂਹ ਪੈਣ ਕਾਰਨ ਸਾਰੇ ਰੁੱਖ, ਪੌਦੇ ਨ੍ਹਾਤੇ ਧੋਤੇ ਲੱਗਦੇ ਹਨ ਅਤੇ ਆਲਾ ਦੁਆਲਾ ਸਾਨੂੰ ਸਾਫ ਸੁਥਰਾ ਲੱਗਦਾ ਹੈ। ਕੱਤਕ ਮਹੀਨੇ ਅਸਮਾਨ ਵੀ ਪੂਰਾ ਸਾਫ ਹੁੰਦਾ ਹੈ। ਦਿਨ ਵੇਲੇ ਅੰਬਰ ਝਾਤੀਆਂ ਮਾਰ ਰਿਹਾ ਹੁੰਦਾ ਹੈ। ਕੱਤਕ ਮਹੀਨੇ ਦੀਆਂ ਰਾਤਾਂ ਨੂੰ ਤਾਰੇ ਵੀ ਇਕੱਠੇ ਹੋ ਕੇ ਕੋਈ ਮੀਟਿੰਗ ਕਰਦੇ ਪ੍ਰਤੀਤ ਹੁੰਦੇ ਹਨ ਅਤੇ ਇਸ ਤਰ੍ਹਾਂ ਲੱਗਦਾ ਹੈ, ਕਿ ਜਿਵੇਂ ਉਹ ਧਰਤੀ ਵੱਲ ਹੀ ਵੇਖ ਰਹੇ ਹੋਣ। ਕੱਤਕ ਮਹੀਨੇ ਦੀਆਂ ਰਾਤਾਂ ਵੀ ਸਾਫ ਸੁਥਰੀਆਂ ਹੁੰਦੀਆਂ ਹਨ ਅਤੇ ਰਾਤ ਨੂੰ ਅਸਮਾਨ ਸਾਫ ਹੋਣ ਕਰਕੇ ਤਾਰੇ ਪੂਰੇ ਜੋਬਨ ਉੱਪਰ ਚਮਕਦੇ ਰੌਸ਼ਨੀਆਂ ਵਿਖੇਰਦੇ ਹਨ। ਕੱਤਕ ਤੋਂ ਪਹਿਲੇ ਮਹੀਨੇ ਅੱਸੂ ਵਿਚ ਜੰਮਿਆ ਪਾਲਾ ਕੱਤਕ ਮਹੀਨੇ ਵੱਡਾ ਹੋ ਜਾਂਦਾ ਹੈ ਅਤੇ ਇਸ ਮਹੀਨੇ ਗਰਮ ਕੱਪੜਿਆਂ ਦੀ ਲੋੜ ਪੈਂਦੀ ਹੈ। ਕੱਤਕ ਮਹੀਨੇ ਸਭ ਨੂੰ ਸੂਰਜ ਦੀ ਧੁੱਪ ਨਿੱਘੀ-ਨਿੱਘੀ ਲੱਗਣ ਲੱਗ ਪੈਂਦੀ ਹੈ। ਬਜ਼ੁਰਗ ਅਕਸਰ ਹੀ ਕੱਤਕ ਦੀ ਨਿੱਘੀ-ਨਿੱਘੀ ਧੁੱਪ ਦਾ ਆਨੰਦ ਮਾਣਦੇ ਨਜ਼ਰ ਆ ਜਾਂਦੇ ਹਨ। ਕੱਤਕ ਮਹੀਨੇ ਧੁੰਦਾਂ ਵੀ ਪੈਣ ਲੱਗਦੀਆਂ ਹਨ। ਦਿਨ ਛੋਟੇ ਤੇ ਰਾਤਾਂ ਲੰਬੀਆਂ ਹੋ ਜਾਂਦੀਆਂ ਹਨ। ਕੱਤਕ ਮਹੀਨੇ ਨੂੰ ਬਸੰਤ ਮਹੀਨੇ ਵਰਗਾ ਹੀ ਸੋਹਣਾ ਮਨਮੋਹਣਾ ਅਤੇ ਸੁਹਾਵਣਾ ਮੰਨਿਆ ਜਾਂਦਾ ਹੈ। ਕੱਤਕ ਮਹੀਨੇ ਰੁੱਖਾਂ ਦੇ ਪੱਤੇ ਝੜਨੇ ਸ਼ੁਰੂ ਹੋ ਜਾਂਦੇ ਹਨ ਅਤੇ ਰੁੱਖਾਂ ਉੱਪਰ ਪੱਤਝੜ ਆ ਜਾਂਦੀ ਹੈ, ਜੋ ਕਿ ਜਲਦੀ ਹੀ ਬਹਾਰ ਆਉਣ ਦੀ ਸੂਚਕ ਹੁੰਦੀ ਹੈ। ਕੱਤਕ ਵਿਚ ਰਾਤਾਂ ਲੰਬੀਆਂ ਤੇ ਠੰਢੀਆਂ ਹੋ ਜਾਂਦੀਆਂ ਹਨ। ਪਾਲੇ ਕਾਰਨ ਰੁੱਖ ‘ਤੇ ਬੂਟੇ ਮੁਰਝਾਉਣ ਜਿਹੇ ਲੱਗਦੇ ਹਨ। ਕੱਤਕ ਮਹੀਨੇ ਅਸਮਾਨ ਪੂਰਾ ਸਾਫ ਹੁੰਦਾ ਹੈ, ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਰਾਤ ਨੂੰ ਤਾਰੇ ਹੇਠਾਂ ਧਰਤੀ ਵੱਲ ਹੀ ਵੇਖ ਰਹੇ ਹੋਣ।

ਭਾਈ ਵੀਰ ਸਿੰਘ ਨੇ ਕੱਤਕ ਮਹੀਨੇ ਬਾਰੇ ਲਿਖਿਆ ਹੈ :

ਚੜ੍ਹਿਆ ਕੱਤਕ ਮਹੀਨਾ, ਘਰ ਘਰ ਜਗਦੇ ਨੇ ਦੀਵੇ,
ਰੋ ਰੋ ਭਿਜਦੀ ਏ ਅੰਗੀ, ਤਾਨ੍ਹੇ ਦੇਂਦੀਆਂ ਸਹੀਆਂ।
ਸੋਹਣੀ ਰੁੱਤ ਗੁਲਾਬੀ, ਖਾਵਣ ਪੀਵਣ ਹੰਢਾਵਣ,
ਭਾਵੇਂ ਸਭ ਕੁਝ ਚੰਗੇਰਾ, ਮਾਣਨ ਸਾਰੀਆਂ ਸਹੀਆਂ।

ਕੱਤਕ ਮਹੀਨੇ ਨੂੰ ਖਾਣ ਪੀਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਦੀ ਮੱਸਿਆ ਨੂੰ ਰੌਸ਼ਨੀਆਂ ਦਾ ਪ੍ਰਸਿੱਧ ਤਿਉਹਾਰ ਦੀਵਾਲੀ ਮਨਾਇਆ ਜਾਂਦਾ ਹੈ। ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਂਦਾ ਹੈ। ਆਮ ਤੌਰ ‘ਤੇ ਸਿੱਖ ਭਾਈਚਾਰੇ ਦੇ ਘਰਾਂ ਵਿਚ ਦੀਵਾਲੀ ਮੌਕੇ ਲਗਾਈਆਂ ਗਈਆਂ ਰੰਗ ਬਿਰੰਗੇ ਬੱਲਬਾਂ ਦੀਆਂ ਲੜੀਆਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜੇ ਤੱਕ ਚਲਦੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਕਰਵਾ ਚੌਥ, ਚੱਕਰੀਆਂ (ਅਹੋਈ ਮਾਤਾ ਦਾ ਵਰਤ) ਵਰਗੇ ਤਿਉਹਾਰ ਵੀ ਇਸੇ ਮਹੀਨੇ ਹੀ ਆਉਂਦੇ ਹਨ। ਇਨ੍ਹਾਂ ਤਿਉਹਾਰਾਂ ਮੌਕੇ ਔਰਤਾਂ ਵੱਲੋਂ ਵਰਤ ਵੀ ਰੱਖੇ ਜਾਂਦੇ ਹਨ।

ਹੁਣ ਨਾ ਤਾਂ ਪਹਿਲਾਂ ਵਰਗਾ ਵਾਤਾਵਰਨ ਰਿਹਾ ਹੈ ਤੇ ਨਾ ਹੀ ਸ਼ੁੱਧ ਪੌਣ ਪਾਣੀ। ਚਾਰੇ ਪਾਸੇ ਸੰਵੇਦਨਹੀਣ ਕੰਕਰੀਟ ਦੇ ਜੰਗਲ ਉਸਰ ਰਹੇ ਹਨ। ਨਾ ਹੁਣ ਪਹਿਲਾਂ ਵਰਗਾ ਸਰਘੀ ਵੇਲਾ ਰਿਹਾ ਹੈ ਤੇ ਨਾ ਛਾਹ ਵੇਲਾ। ਹਰ ਪਾਸੇ ਫੈਲੀ ਆਪੋਧਾਪੀ ਦੇ ਇਸ ਦੌਰ ਵਿਚ ਕਿਸੇ ਕੋਲ ਏਨਾ ਕੁ ਸਮਾਂ ਨਹੀਂ ਕਿ ਉਹ ਆਪਣੀਆਂ ਨਾਲ ਬਹਿ ਕੇ ਕੁਝ ਸਮਾਂ ਕੁਦਰਤ ਦੀ ਗੋਦ ਵਿਚ ਗੁਜ਼ਾਰ ਸਕੇ।

**ਜਗਮੋਹਨ ਭਦੌੜ**

## ਪਰਵਾਸੀਆਂ ਦੇ ਘਰ ਨੂੰ ਪਰਤਣ ਦਾ ਮਹੀਨਾ

ਕੱਤਕ ਮਹੀਨੇ ਹੀ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ। ਜੋ ਕਿ ਦੀਵਾਲੀ ਵਾਲੇ ਦਿਨ ਹੀ ਹੁੰਦਾ ਹੈ। ਇਸ ਦਿਨ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ‘ਚੋਂ ਆਪਣੇ ਨਾਲ 52 ਰਾਜਿਆਂ ਨੂੰ ਛੱਡਵਾ ਕੇ ਅੰਮ੍ਰਿਤਸਰ ਪਹੁੰਚੇ ਸਨ। ਇਹ ਹੀ ਕਾਰਨ ਹੈ ਕਿ ਦੀਵਾਲੀ ਨੂੰ ਘਰਾਂ ਨੂੰ ਪਰਤਣ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਅਤੇ ਕੱਤਕ ਨੂੰ ਘਰਾਂ ਨੂੰ ਪਰਤਣ ਦਾ ਮਹੀਨਾ। ਇਸੇ ਕਾਰਨ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵਸੇ ਹੋਏ ਪਰਵਾਸੀ ਪੰਜਾਬੀ ਦੀਵਾਲੀ ਮੌਕੇ ਆਪਣੇ ਪਿੰਡ ਵਾਲੇ ਜੱਦੀ ਘਰ ਗੇੜਾ ਮਾਰਦੇ ਹਨ। ਪਰਿਵਾਰ ਨੂੰ ਮਿਲ ਕੇ ਪਰਵਾਸੀ ਪੰਜਾਬੀਆਂ ਦੇ ਨਾਲ-ਨਾਲ ਪਰਿਵਾਰ ਵਾਲਿਆਂ ਦੀ ਖੁਸ਼ੀ ਵੀ ਵੇਖਣ ਵਾਲੀ ਹੁੰਦੀ ਹੈ। ਪਹਿਲੇ ਸਮਿਆਂ ‘ਚ ਖੇਤਾਂ ‘ਚ ਹਰ ਪਾਸੇ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਚੋਹਲ ਮੋਹਲ ਕਰਦੇ ਅਤੇ ਨਿੱਕੀਆਂ ਵੱਡੀਆਂ ਉਡਾਰੀਆਂ ਮਾਰਦੇ ਬੜੇ ਸੁੰਦਰ ਲੱਗਦੇ ਹੁੰਦੇ ਸਨ। ਉਨ੍ਹਾਂ ਦੀਆਂ ਮਨਮੋਹਨੀਆਂ ਆਵਾਜ਼ਾਂ ਨਾਲ ਵਾਤਾਵਰਨ ਵਿਚ ਸੰਗੀਤ ਘੁਲ ਜਾਂਦਾ ਸੀ ਜੋ ਹੁਣ ਨਹੀਂ ਹੈ।

ਪਸ਼ੂ ਰੱਖਣ ਵਾਲੇ ਇੱਕ ਸਫਲ ਕਿਸਾਨ ਲਈ ਸਾਰਾ ਸਾਲ ਹੀ ਹਰਾ ਚਾਰਾ ਪੈਦਾ ਕਰਨਾ ਬਹੁਤ ਜ਼ਰੂਰੀ ਹੈ। ਪੰਜਾਬ ਵਿੱਚ 81.2 ਲੱਖ (62.4 ਲੱਖ ਵੱਡੇ) ਪਸ਼ੂ ਹਨ। ਇੰਨੇ ਪਸ਼ੂਆਂ ਨੂੰ ਪੂਰਾ ਅਤੇ ਚੰਗਾ ਚਾਰਾ ਦੇਣ ਲਈ ਚਾਰੇ ਦੀ ਪੈਦਾਵਾਰ ਵਿੱਚ ਵਾਧੇ ਦੀ ਲੋੜ ਹੈ। ਹਰੇ ਚਾਰੇ ਨਾ ਸਿਰਫ ਦੁੱਧ ਦੀ ਪੈਦਾਵਾਰ ਵਿੱਚ ਵਾਧਾ ਕਰਨ ਵਿੱਚ ਮੱਦਦ ਕਰਦੇ ਹਨ, ਸਗੋਂ ਸੁੱਕੇ ਚਾਰਿਆਂ ਅਤੇ ਦਾਣਿਆਂ ਨਾਲੋਂ ਹਰੇ ਚਾਰਿਆਂ ਰਾਹੀਂ ਖੁਰਾਕੀ ਤੱਤ ਸਪਲਾਈ ਕਰਨੇ ਬਹੁਤ ਸਸਤੇ ਰਹਿੰਦੇ ਹਨ। ਪ੍ਰੰਤੂ ਕਈ ਵਾਰ ਇਨ੍ਹਾਂ ਚਾਰਿਆਂ ਵਿੱਚ ਜ਼ਹਿਰੀਲਾ ਮਾਦਾ ਹੋ ਜਾਂਦਾ ਹੈ ਅਤੇ ਇਹ ਪਸ਼ੂਆਂ ਨੂੰ ਖੁਆਉਣ ਯੋਗ ਨਹੀਂ ਰਹਿੰਦੇ। ਸੋ ਹਰੇ ਚਾਰਿਆਂ ਨੂੰ ਚਾਰਨ ਸਮੇਂ ਹੇਠ ਲਿਖੇ ਜ਼ਰੂਰੀ ਨੁਕਤੇ ਜ਼ਰੂਰ ਵਿਚਾਰਨੇ ਚਾਹੀਦੇ ਹਨ।

# ਹਰੇ ਚਾਰਿਆਂ ਵਿਚਲੇ ਜ਼ਹਿਰੀਲੇ ਖੁਰਾਕੀ ਤੱਤਾਂ ਦੇ ਕਾਰਨ ਅਤੇ ਨਿਸ਼ਾਨੀਆਂ

ਅਮਨਪ੍ਰੀਤ, ਸਾਹਿਬਾ ਮਾਨ ਗਰੇਵਾਲ ਅਤੇ ਅਮਨਦੀਪ ਸਿੰਘ ਬਰਾੜ, ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ

**ਨਾਈਟ੍ਰੇਟਨਾਈਟਰਾਈਟ** : ਹਰੇ ਚਾਰੇ ਜਿਵੇਂ ਕਿ ਜਵੀ, ਮੱਕੀ, ਜੌਂ, ਸ਼ਲਗਮ ਅਤੇ ਚਕੰਦਰ ਵਿੱਚ ਕਈ ਵਾਰ ਇਹ ਜ਼ਹਿਰੀਲਾ ਮਾਦਾ ਪਾਇਆ ਜਾਂਦਾ ਹੈ। ਕਈ ਨਦੀਨ ਜਿਵੇਂ ਕਿ ਚੁਪਤੀ/ਇਟਸਿਟ ਵਿੱਚ ਜ਼ਹਿਰੀਲਾ ਮਾਦਾ 0.2 ਪ੍ਰਤੀਸ਼ਤ (2000 ਪੀ. ਪੀ. ਐੱਮ.) ਤੋਂ ਜ਼ਿਆਦਾ ਹੁੰਦਾ ਹੈ ਜੋ ਪਸ਼ੂਆਂ ਲਈ ਘਾਤਕ ਹੁੰਦਾ ਹੈ। ਜ਼ਿਆਦਾ ਨਾਈਟ੍ਰੋਜਨ ਜਾਂ ਰੂੜੀ ਦੀ ਖਾਦ ਪਾਉਣ ਨਾਲ ਪੌਦਿਆਂ ਵਿੱਚ ਨਾਈਟ੍ਰੇਟ ਜ਼ਿਆਦਾ ਮਾਤਰਾ ਵਿੱਚ ਜਮ੍ਹਾਂ ਹੋ ਜਾਂਦਾ ਹੈ। ਸੋਕੇ ਦੀ ਹਾਲਤ ਵਿੱਚ ਜਾਂ 2,4 ਡੀ ਨਦੀਨ ਨਾਸ਼ਕ ਪਾਉਣ ਨਾਲ ਵੀ ਇਹ ਮਾਦਾ ਜ਼ਿਆਦਾ ਹੋ ਜਾਂਦਾ ਹੈ। ਨਾਈਟ੍ਰੇਟ ਪਸ਼ੂਆਂ ਦਾ ਸਿੱਧਾ ਨੁਕਸਾਨ ਨਹੀਂ ਕਰਦਾ ਪਰ ਇਸ ਤੋਂ ਤਬਦੀਲ ਹੋਈ ਨਾਈਟਰਾਈਟ ਜ਼ਹਿਰੀਲੀ ਹੁੰਦੀ ਹੈ। ਇਹ ਨਾਈਟਰਾਈਟ ਖੂਨ ਵਿਚਲੇ ਹਿਮੋਗਲੋਬਿਨ ਨੂੰ ਮੈਥਹਿਮੋਗਲੋਬਿਨ ਵਿੱਚ ਤਬਦੀਲ ਕਰ ਦਿੰਦੀ ਹੈ। ਜਿਸ ਨਾਲ ਖੂਨ ਵਿੱਚ ਆਕਸੀਜਨ ਦਾ ਵਹਾਅ ਘਟ ਜਾਂਦਾ ਹੈ। ਇਸ ਨਾਲ ਪਸ਼ੂਆਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਦੁੱਧ ਘਟ ਜਾਂਦਾ ਹੈ। ਜ਼ਿਆਦਾ ਜ਼ਹਿਰ ਹੋਣ ਕਾਰਨ ਪਸ਼ੂਆਂ ਦਾ ਬੱਚਾ ਡਿੱਗ ਪੈਂਦਾ ਹੈ ਅਤੇ ਪਸ਼ੂਆਂ ਦੀ ਮੌਤ ਵੀ ਹੋ ਸਕਦੀ ਹੈ। ਮਾਦਾ ਪਸ਼ੂਆਂ ਦੀ ਪਿਸ਼ਾਬ ਵਾਲੀ ਥਾਂ ਅੰਦਰੋ ਨੀਲੀ ਹੋ ਜਾਂਦੀ ਹੈ ਜਿਹੜਾ ਕਿ ਇਸ ਜ਼ਹਿਰ ਦਾ ਪ੍ਰਮੁੱਖ ਲੱਛਣ ਹੈ। ਇਸ ਤੋਂ ਬਿਨਾਂ ਪਸ਼ੂਆਂ ਨੂੰ ਸਾਹ ਔਖਾ ਆਉਂਦਾ ਹੈ, ਉਹ ਦੰਦ ਚਬਾਉਂਦੇ ਹਨ, ਮੂੰਹ ਵਿੱਚੋਂ ਲਾਰਾਂ ਡਿੱਗਦੀਆਂ ਹਨ, ਪਸ਼ੂ ਔਖਾ ਮਹਿਸੂਸ ਕਰਦਾ ਹੈ ਅਤੇ ਨਬਜ਼ ਦੀ ਦਰ ਵਧ ਜਾਂਦੀ ਹੈ। ਮਿਥਾਈਲੀਨਬਲਯੂ ਜਾਂ ਅਸਕਾਰਬਿਕ ਐਸਿਡ ਦੇਣ ਨਾਲ ਮੈਥਹਿਮੋਗਲੋਬਿਨ ਨੂੰ ਹਿਮੋਗਲੋਬਿਨ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ, ਜਿਸ ਨਾਲ ਨਾਈਟਰਾਈਟ ਦਾ ਅਸਰ ਘੱਟ ਕੀਤਾ ਜਾ ਸਕਦਾ ਹੈ।



**ਆਗਜ਼ਾਲੇਟ** : ਪੰਜਾਬ ਵਿੱਚ ਜੋ ਹਰੇ ਚਾਰੇ ਉਗਾਏ ਜਾਂਦੇ ਹਨ ਉਨ੍ਹਾਂ ਵਿੱਚ ਇਸ ਦੀ ਮਾਤਰਾ ਜ਼ਿਆਦਾ ਨਹੀਂ ਹੁੰਦੀ ਹੈ ਲੇਕਿਨ ਥੋੜ੍ਹੀ ਮਾਤਰਾ ਵਾਲੇ ਹਰੇ ਚਾਰੇ ਜਿਵੇਂ ਕਿ ਗਿੰਨੀ ਘਾਹ, ਬਾਜਰਾ, ਨੇਪੀਅਰ, ਬਾਜਰਾ ਹਾਈਬ੍ਰਿਡ ਅਤੇ ਕਈ ਤਰ੍ਹਾਂ ਦੇ ਨਦੀਨ ਜਿਵੇਂ ਕਿ ਇਟਸਿਟ/ਚੁਪਤੀ ਅਤੇ ਪਰਾਲੀ (ਹਰਾ ਪਦਾਰਥ ਨਹੀਂ ਹੈ) ਲਗਾਤਾਰ ਪਾਉਣ ਨਾਲ ਇਸ ਦਾ ਅਸਰ ਪਸ਼ੂਆਂ 'ਤੇ ਹੋ ਜਾਂਦਾ ਹੈ। ਨਾਈਟ੍ਰੋਜਨ ਅਤੇ ਪੋਟਾਸ਼ ਵਾਲੀਆਂ ਖਾਦਾਂ ਜ਼ਿਆਦਾ ਪਾਉਣ ਨਾਲ ਵੀ ਇਸ ਦੀ ਮਾਤਰਾ ਜ਼ਿਆਦਾ ਹੋ ਜਾਂਦੀ ਹੈ। ਆਗਜ਼ਾਲੇਟ ਦੋ ਪ੍ਰਕਾਰ ਦੇ ਹੁੰਦੇ ਹਨ, ਘੁਲਣਯੋਗ ਅਤੇ ਨਾਘੁਲਣਯੋਗ ਆਗਜ਼ਾਲੇਟ ਖਤਰਨਾਕ ਨਹੀਂ ਹੁੰਦੇ ਕਿਉਂਕਿ ਇਹ ਪਸ਼ੂਆਂ ਦੇ ਸਰੀਰ ਵਿੱਚ ਮਲਮੂਤਰ ਰਾਹੀਂ ਬਾਹਰ ਚਲੇ ਜਾਂਦੇ ਹਨ। ਘੁਲਣਯੋਗ ਆਗਜ਼ਾਲੇਟ ਨੁਕਸਾਨ ਦੇਹ ਹੁੰਦੇ ਹਨ ਕਿਉਂਕਿ ਇਹ ਕਾਰਬੋਨੇਟ ਅਤੇ ਬਾਈਕਾਰਬੋਨੇਟ ਵਿੱਚ ਟੁੱਟ ਜਾਂਦੇ ਹਨ। ਜੇਕਰ ਆਗਜ਼ਾਲੇਟ ਦੀ ਮਾਤਰਾ ਪਸ਼ੂਆਂ ਦੇ ਸਰੀਰਕ ਭਾਰ ਦਾ 0.1 ਪ੍ਰਤੀਸ਼ਤ ਤੋਂ ਘੱਟ ਹੈ, ਤਾਂ ਇਹ ਨੁਕਸਾਨ ਨਹੀਂ ਕਰਦੀ, ਪਰ ਭੁੱਖੇ ਪਸ਼ੂਆਂ ਲਈ ਇਹ ਮਾਤਰਾ ਖ਼ਤਰਨਾਕ ਸਿੱਧ ਹੋ ਸਕਦੀ ਹੈ। ਹਰੇ ਚਾਰੇ ਜਿਨ੍ਹਾਂ ਵਿੱਚ ਆਗਜ਼ਾਲੇਟ ਦੀ ਮਾਤਰਾ 10 ਪ੍ਰਤੀਸ਼ਤ ਤੋਂ ਜ਼ਿਆਦਾ ਹੈ, ਪਸ਼ੂਆਂ ਦਾ ਨੁਕਸਾਨ ਕਰਦੇ ਹਨ। ਜੁਗਾਲੀ ਕਰਨ ਵਾਲੇ ਪਸ਼ੂਆਂ ਦੇ ਸਰੀਰ ਵਿੱਚ ਇਹ ਜ਼ਹਿਰ ਛੇਤੀ ਚਲੀ ਜਾਂਦੀ ਹੈ ਅਤੇ ਗੁਰਦਿਆਂ 'ਤੇ ਮਾੜਾ ਅਸਰ ਕਰਦੀ ਹੈ। ਇਸ ਨਾਲ ਪਸ਼ੂਆਂ ਵਿੱਚ ਕੈਲਸ਼ੀਅਮ ਦੀ ਘਾਟ ਆ ਜਾਂਦੀ ਹੈ ਅਤੇ ਗੁਰਦੇ ਵਿੱਚ ਪਥਰੀ ਬਣ ਜਾਂਦੀ ਹੈ। ਇਸ ਜ਼ਹਿਰ ਕਾਰਨ ਪਸ਼ੂ ਸਾਹ ਲੈਣ ਵਿੱਚ ਔਖ ਮਹਿਸੂਸ ਕਰਦੇ ਹਨ, ਨੱਕ ਵਗਦਾ ਹੈ, ਮੂੰਹ ਵਿੱਚੋਂ ਝੱਗ ਆਉਂਦੀ ਹੈ, ਕਬਜ਼ ਹੋ ਜਾਂਦੀ ਹੈ, ਪਸ਼ੂ ਕਮਜ਼ੋਰ ਹੋ ਜਾਂਦਾ ਹੈ, ਬੇਹੋਸ਼ ਹੋ ਜਾਂਦਾ ਹੈ ਅਤੇ ਮੌਤ ਵੀ ਹੋ ਸਕਦੀ ਹੈ। ਇਸ ਤੋਂ ਬਚਾਅ ਲਈ ਪਸ਼ੂਆਂ ਨੂੰ ਕੈਲਸ਼ੀਅਮ, ਡਾਈਕੈਲਸ਼ੀਅਮ ਫਾਸਫੇਟ ਅਤੇ ਕੈਲਸ਼ੀਅਮਕਾਰਬੋਰੇਟ ਦੇ ਰੂਪ ਵਿੱਚ ਖੁਰਾਕ ਵਿੱਚ ਦੇਣਾ ਚਾਹੀਦਾ ਹੈ। ਧਾਤਾਂ ਦਾ ਚੂਰਾ ਪਾਉਣ ਨਾਲ ਵੀ ਪਸ਼ੂਆਂ ਦੀ ਸਿਹਤ ਠੀਕ ਰੱਖੀ ਜਾ ਸਕਦੀ ਹੈ।

ਪ੍ਰੂਸਿਕ ਜਾਂ ਹਾਈਡਰੋਸਾਇਆਨਿਕ ਏਸਿਡ (ਐੱਚ. ਸੀ. ਐੱਨ.) ਇਹ ਜ਼ਹਿਰੀਲਾ ਮਾਦਾ ਚਰ੍ਹੀ (ਜਵਾਰ), ਸੁਡਾਨ ਘਾਹ, ਕਸਾਵਾ ਜਾਂ ਬਰੂ (ਨਦੀਨ) ਵਿੱਚ ਕਾਫ਼ੀ ਮਾਤਰਾ ਵਿੱਚ ਪਾਇਆ ਜਾਂਦਾ ਹੈ ਜੋ ਪਸ਼ੂਆਂ ਦੀ ਸਿਹਤ 'ਤੇ ਮਾੜਾ ਅਸਰ ਪਾਉਂਦਾ ਹੈ। ਜ਼ਿਆਦਾ ਨਾਈਟ੍ਰੋਜਨ ਖਾਦਾਂ ਜਾਂ 2,4 ਡੀ ਨਦੀਨ ਨਾਸ਼ਕ ਦੀ ਵਰਤੋਂ ਕਰਨ ਨਾਲ ਇਹ ਜ਼ਹਿਰ ਹੋਰ ਵਧ ਜਾਂਦੀ ਹੈ। ਛੋਟੇ ਬੂਟਿਆਂ ਵਿੱਚ ਖਾਸ ਕਰਕੇ ਸੋਕੇ ਦੀ ਹਾਲਤ ਵਿੱਚ ਇਸ ਜ਼ਹਿਰ ਦੀ ਮਾਤਰਾ ਜ਼ਿਆਦਾ ਹੋ ਜਾਂਦੀ ਹੈ ਅਤੇ ਪਸ਼ੂਆਂ ਲਈ ਹਾਨੀਕਾਰਕ ਸਿੱਧ ਹੁੰਦੀ ਹੈ। ਭੁੱਖੇ ਜਾਂ ਕੰਮ ਕਰਨ ਵਾਲੇ ਪਸ਼ੂਆਂ ਵਿੱਚ ਇਸ ਜ਼ਹਿਰ ਦਾ ਅਸਰ ਜ਼ਿਆਦਾ ਹੁੰਦਾ ਹੈ। ਇਸ ਜ਼ਹਿਰ ਨਾਲ ਹਿਮੋਗਲੋਬਿਨ, ਸਾਈਨੋ ਹਿਮੋਗਲੋਬਿਨ ਵਿੱਚ ਬਦਲ ਜਾਂਦਾ ਹੈ ਜੋ ਖੂਨ ਵਿੱਚ ਆਕਸੀਜਨ ਦੀ ਘਾਟ ਦਾ ਕਾਰਨ ਬਣ ਜਾਂਦਾ ਹੈ। ਇਸ ਜ਼ਹਿਰ ਨਾਲ ਪਸ਼ੂਆਂ ਦੇ ਖੂਨ ਦਾ ਰੰਗ ਨੀਲਾ ਹੋ ਜਾਂਦਾ ਹੈ। ਮੂੰਹ ਵਿੱਚੋਂ ਲਾਰਾਂ ਆਉਣੀਆਂ, ਅੱਖ ਦੇ ਡੇਲੇ ਦਾ ਘੁੰਮਣਾ, ਸਾਹ ਔਖਾ ਆਉਣਾ ਆਦਿ ਇਸ ਦੀਆਂ ਹੋਰ ਅਲਾਮਤਾਂ ਹਨ। ਇਸ ਤਰ੍ਹਾਂ ਦੀਆਂ ਅਲਾਮਤਾਂ ਆਉਣ 'ਤੇ ਪਸ਼ੂਆਂ ਦੀ ਮੌਤ 15 ਤੋਂ 60 ਮਿੰਟ ਵਿੱਚ ਹੋ ਸਕਦੀ ਹੈ। ਹਰੇ ਚਾਰੇ ਵਿੱਚ ਐਚ.ਸੀ.ਐੱਨ ਦੀ ਮਾਤਰਾ 0.02 ਪ੍ਰਤੀਸ਼ਤ ਜਾਂ 200 ਪੀ. ਪੀ. ਐੱਮ. ਤੋਂ ਵੱਧ ਨਹੀਂ ਹੋਣੀ ਚਾਹੀਦੀ। ਛੋਟੀ ਉਮਰ ਦਾ ਖਾਸ ਤੌਰ 'ਤੇ ਸੋਕਾ (ਔੜ) ਲੱਗਿਆ ਹੋਇਆ ਚਾਰਾ ਪਸ਼ੂਆਂ ਨੂੰ ਨਹੀਂ ਚਾਰਨਾ ਚਾਹੀਦਾ। ਸੋਕਾ ਲੱਗੇ ਚਾਰੇ ਨੂੰ ਚਾਰਨ ਤੋਂ ਹਫਤਾ ਪਹਿਲਾਂ ਪਾਣੀ ਜ਼ਰੂਰ ਲਗਾ ਦਿਓ।

**ਅਫਾਰਾ** : ਪਸ਼ੂਆਂ ਦੇ ਪੇਟ ਵਿੱਚ ਗੈਸ ਭਰ ਜਾਣ ਨੂੰ ਅਫਾਰਾ ਕਿਹਾ ਜਾਂਦਾ ਹੈ। ਇਸ ਗੈਸ ਦੇ ਮੁੱਖ ਅੰਸ਼ ਕਾਰਬਨ ਡਾਈਅਕਸਾਈਡ, ਮੀਥੇਨ, ਨਾਈਟ੍ਰੋਜਨ, ਹਾਈਡ੍ਰੋਜਨ ਅਤੇ ਹਾਈਡ੍ਰੋਜਨ ਸਲਫਾਈਡ ਹਨ। ਅਫਾਰੇ ਦਾ ਮੁੱਖ ਕਾਰਨ ਪਸ਼ੂਆਂ ਨੂੰ ਹਰੇ ਫਲੀਦਾਰ ਚਾਰੇ ਪਾਉਣਾ ਹੈ। ਨਰਮ ਘਾਹ, ਸਰ੍ਹੋਂ ਜਾਂ ਹੇਅ ਪਾਉਣ ਨਾਲ ਵੀ ਅਫਾਰਾ ਹੋ ਜਾਂਦਾ ਹੈ। ਪਰ ਜ਼ਿਆਦਾ ਕਰਕੇ ਇਹ ਬਰਸੀਮ, ਸਫਤਲ ਜਾਂ ਲੂਸਣ ਖਵਾਉਣ ਨਾਲ ਹੁੰਦਾ ਹੈ। ਜ਼ਿਆਦਾ ਅਫਾਰਾ ਹੋਣ ਦੀ ਸੂਰਤ ਵਿੱਚ ਪਸ਼ੂਆਂ ਦੇ ਪੇਟ ਵਿੱਚ ਤੇਜ਼ਾਬੀਪਣ ਹੋ ਜਾਂਦਾ ਹੈ। ਅਫਾਰਾ ਹੋਣ ਦੀ ਸੂਰਤ ਵਿੱਚ ਪਸ਼ੂ ਖਾਣਾ ਪੀਣਾ ਛੱਡ ਦਿੰਦੇ ਹਨ, ਵਾਧਾ ਰੁਕ ਜਾਂਦਾ ਹੈ ਅਤੇ ਦੁਧਾਰੂ ਪਸ਼ੂਆਂ ਦਾ ਦੁੱਧ ਘੱਟ ਜਾਂਦਾ ਹੈ। ਜੇਕਰ ਇਸ ਦਾ ਤੁਰੰਤ ਇਲਾਜ ਨਾ ਕੀਤਾ ਜਾਵੇ ਤਾਂ ਪਸ਼ੂਆਂ ਦੀ ਮੌਤ ਵੀ ਹੋ ਜਾਂਦੀ ਹੈ। ਇਸ ਤੋਂ ਬਚਾਅ ਲਈ ਪਸ਼ੂਆਂ ਨੂੰ ਤਾਰਪੀਨ ਦਾ ਤੇਲ ਦਿਓ ਅਤੇ ਪੇਟ ਵਿੱਚ ਡਾਕਟਰ ਤੋਂ ਮੋਰੀ ਕਰਵਾ ਕੇ ਗੈਸ ਕਢਵਾ ਦਿਓ।

**ਫਾਈਟੋ ਐਸਟਰੋਜਨਸ** : ਇਹ ਜ਼ਹਿਰੀਲਾ ਤੱਤ ਲੂਸਣ, ਬਰਸੀਮ ਅਤੇ ਸਫਤਲ ਵਿੱਚ ਹੁੰਦਾ ਹੈ। ਜੇਕਰ ਫਸਲ ਨੂੰ ਕਟ ਕੇ ਖੇਤ ਵਿੱਚ ਥੋੜ੍ਹਾ ਸੁਕਾ ਲਿਆ ਜਾਵੇ ਤਾਂ ਇਹ ਤੱਤ ਕਾਫੀ ਘਟ ਜਾਂਦਾ ਹੈ। ਜ਼ਮੀਨ ਵਿੱਚ ਫਾਸਫੋਰਸ ਤੱਤ ਘੱਟ ਹੋਣ ਨਾਲ ਇਹ ਤੱਤ ਚਾਰੇ ਵਿੱਚ ਜ਼ਿਆਦਾ ਹੋ ਜਾਂਦਾ ਹੈ। ਭੇਡਾਂ ਵਿੱਚ ਇਸ ਨੂੰ



ਕਲੋਵਰ ਬਿਮਾਰੀ ਵੀ ਕਿਹਾ ਜਾਂਦਾ ਹੈ। ਮਾਦਾ ਪਸ਼ੂਆਂ ਵਿੱਚ ਬੱਚੇ ਪੈਦਾ ਕਰਨ ਵਿੱਚ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਆਉਂਦੀਆਂ ਹਨ। ਹਰੇ ਚਾਰੇ ਦੀਆਂ ਜਿਹੜੀਆਂ ਕਿਸਮਾਂ ਵਿੱਚ ਇਹ ਤੱਤ ਘੱਟ ਹੋਵੇ ਬੀਜਣੀਆਂ ਚਾਹੀਦੀਆਂ ਹਨ।

**ਟੈਨਿਨਜ਼** : ਇਹ ਤੱਤ ਚਰ੍ਹੀ (ਜੁਆਰ), ਲੂਸਣ, ਸੂਬਾਬੂਲ, ਸਰ੍ਹੋਂ ਦੀ ਖੱਲ੍ਹ ਆਦਿ ਵਿੱਚ ਪਾਇਆ ਜਾਂਦਾ ਹੈ। ਇਸ ਤੱਤ ਵਾਲੇ ਹਰੇ ਚਾਰੇ ਨੂੰ ਪਸ਼ੂ ਘੱਟ ਪਸੰਦ ਕਰਦੇ ਹਨ ਅਤੇ ਖੁਰਾਕੀ ਤੱਤ ਘੱਟ ਜਾਂਦੇ ਹਨ। ਇਸ ਨਾਲ ਪ੍ਰੋਟੀਨ ਦੀ ਪ੍ਰਾਪਤੀ ਘੱਟ ਜਾਂਦੀ ਹੈ ਅਤੇ ਮੂੰਹ ਵਿੱਚ ਫੀਡ ਦੀ ਚਿਕਨਾਈ ਵੀ ਘੱਟ ਜਾਂਦੀ ਹੈ। ਇਸ ਤੱਤ ਦੀ 23 ਪ੍ਰਤੀਸ਼ਤ ਮਾਤਰਾ ਹਰੇ ਚਾਰੇ ਵਿੱਚ ਨੁਕਸਾਨਦੇਹ ਹੁੰਦੀ ਹੈ। ਇਸ ਤੱਤ ਦੀ ਟੁੱਟ ਭੱਜ ਪਸ਼ੂਆਂ ਦੇ ਪੇਟ ਵਿਚਲੇ ਇਨਜ਼ਾਇਮ ਨਾਲ ਘੱਟ ਜਾਂਦੀ ਹੈ।

**ਸੈਲੀਨੀਅਮ** : ਪਸ਼ੂਆਂ ਦੀ ਸਿਹਤ ਵਾਸਤੇ ਸੈਲੀਨੀਅਮ ਇੱਕ ਬਹੁਤ ਹੀ ਜ਼ਰੂਰੀ ਤੱਤ ਹੈ। ਇੱਕ ਕਿੱਲੋਗ੍ਰਾਮ ਚਾਰੇ ਵਿੱਚ 0.05 ਮਿਲੀਗ੍ਰਾਮ ਸੈਲੀਨੀਅਮ ਦਾ ਹੋਣਾ ਪਸ਼ੂਆਂ ਵਾਸਤੇ ਬਹੁਤ ਹੀ ਨਿਰਣਾਇਕ ਹੈ। ਜੇ ਸੈਲੀਨੀਅਮ ਦੀ ਮਾਤਰਾ ਇੱਕ ਕਿੱਲੋ ਹਰੇ ਚਾਰੇ ਵਿੱਚ 4 ਜਾਂ 5 ਮਿਲੀਗ੍ਰਾਮ ਤੋਂ ਵੱਧ ਹੋ ਜਾਵੇ ਤਾਂ ਉਹ ਚਾਰੇ ਪਸ਼ੂਆਂ ਵਾਸਤੇ ਜ਼ਹਿਰੀਲੇ ਸਮਝੇ ਜਾਂਦੇ ਹਨ। ਪਸ਼ੂਆ ਵਿੱਚ ਸੈਲੀਨੀਅਮ ਦੇ ਜ਼ਹਿਰੀਲੇਪਣ ਦੀ ਬਿਮਾਰੀ ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਦੇ ਕੁਝ ਪਿੰਡਾਂ ਵਿੱਚ ਪਾਈ ਗਈ ਹੈ। ਕਣਕ ਵਿੱਚ ਸੈਲੀਨੀਅਮ ਦੀ ਜ਼ਹਿਰੀਲੇਪਣ ਦੀਆਂ ਨਿਸ਼ਾਨੀਆਂ ਹਨ; ਬਰਫਚਿਟੇ ਪੱਤੇ ਅਤੇ ਇਨ੍ਹਾਂ ਦੇ ਹੇਠਲੇ ਹਿੱਸਿਆਂ 'ਤੇ ਗੁਲਾਬੀ ਰੰਗ ਦੀ ਭਾਅ ਮਾਰਦੀ ਹੈ। ਜਿਨ੍ਹਾਂ ਜ਼ਮੀਨਾਂ ਵਿੱਚ ਕਣਕ ਦੇ ਬੂਟਿਆਂ 'ਤੇ ਇਹੋ ਜਿਹੀਆਂ ਨਿਸ਼ਾਨੀਆਂ ਹੁੰਦੀਆਂ ਹਨ ਉਨ੍ਹਾਂ ਜ਼ਮੀਨਾਂ ਵਿੱਚ ਉਗਾਏ ਹੋਏ ਚਾਰੇ ਖਾਸ ਕਰਕੇ ਪਸ਼ੂਆਂ ਵਾਸਤੇ ਬਹੁਤ ਹੀ ਜ਼ਹਿਰੀਲੇ ਹੁੰਦੇ ਹਨ। ਇਹੋ ਜਿਹੇ ਚਾਰੇ ਖਾਣ ਨਾਲ ਕਈਂ ਪਸ਼ੂ ਮਰ ਵੀ ਜਾਂਦੇ ਹਨ। ਪਸ਼ੂਆਂ ਵਿੱਚ ਸੈਲੀਨੀਅਮ ਦੇ ਜ਼ਹਿਰੀਲੇਪਣ ਦੀਆਂ ਨਿਸ਼ਾਨੀਆਂ ਹਨ, ਵਧੇ ਹੋਏ ਖੁਰ ਅਤੇ ਉਨ੍ਹਾਂ ਵਿੱਚ ਤਰੇੜਾਂ ਆ ਕੇ ਹੌਲੀ-ਹੌਲੀ ਖੁਰਾਂ ਦਾ ਟੁੱਟ ਜਾਣਾ, ਛਿਲਤਾਂ ਉਤਰ ਕੇ ਸਿੰਗਾਂ ਦਾ ਝੜਨਾ, ਸਰੀਰ ਅਤੇ ਪੂੰਛ ਤੋਂ ਵਾਲਾਂ ਦਾ ਝੜਨਾ, ਪੂੰਛ ਦਾ ਸਿਰੇ ਤੋਂ ਗਲਣਾ, ਪਸ਼ੂਆਂ ਦਾ ਤੁਰਨ ਤੋਂ ਕੰਨੀ ਕਤਰਾਉਣਾ, ਭੁਰਲਗਣਾ। ਇਸ ਤੋਂ ਬਚਾਅ ਲਈ ਕੋਈ ਵੀ ਫਸਲ ਜੋ ਪਸ਼ੂਆਂ ਨੂੰ ਚਾਰੇ ਦੇ ਰੂਪ ਵਿੱਚ ਦੇਣੀ ਹੈ, ਉਸ ਨੂੰ 350 ਤੋਂ 400 ਕਿੱਲੋ ਜਿਪਸਮ ਪ੍ਰਤੀ ਏਕੜ ਦੇ ਹਿਸਾਬ ਨਾਲ ਸਾਲ ਦੇ ਵਕਫੇ 'ਤੇ ਪਾ ਕੇ ਉਗਾਓ। ਬਰਸੀਮ ਨਾਲੋਂ ਜਵੀ ਦੇ ਚਾਰੇ ਨੂੰ ਪਹਿਲ ਦਿਓ। ਬਰਸੀਮ ਦਾ ਪਹਿਲਾ ਲੌਅ ਪਸ਼ੂਆਂ ਨੂੰ ਨਾ ਪਾਓ। ਚਾਰੇ ਵਾਸਤੇ ਮੱਕੀ, ਬਾਜਰਾ, ਜੁਆਰ ਅਤੇ ਗਿੰਨੀ ਘਾਹ ਦੀਆਂ ਫਸਲਾਂ ਨੂੰ ਪਹਿਲ ਦਿਓ।

**ਅਫਲਾਟਾਕਸਿਨ** : ਇਹ ਇੱਕ ਖਾਸ ਕਿਸਮ ਦੀ ਉੱਲੀ ਹੁੰਦੀ ਹੈ। ਇਹ ਹਵਾ, ਪਾਣੀ, ਸਲਾਭੀ ਕਣਕ, ਮੱਕੀ, ਝੋਨਾ, ਜੌਂ, ਮੂੰਗਫਲੀ, ਵੜੇਵੇਂ, ਬਰੈਨ ਅਤੇ ਸੋਇਆਬੀਨ ਵਿੱਚ ਹੁੰਦੀ ਹੈ। ਇਹ ਉਲੀ 700 ਫਾਰਨਹੀਟ ਤਾਪਮਾਨ ਅਤੇ 1040 ਗੁਣਾਸਿਲ ਵਿੱਚ ਵਧਦੀ ਫੁਲਦੀ ਹੈ। ਇਸ ਨਾਲ ਪਸ਼ੂ ਦਾ ਮਿਹਦਾ ਖਰਾਬ ਹੋ ਜਾਂਦਾ ਹੈ। ਇਸ ਦੀ ਰੋਕਥਾਮ ਉਲੀਨਾਸ਼ਕ ਜ਼ਹਿਰਾਂ ਜਿਵੇਂ ਕਿ 2 ਪ੍ਰਤੀਸ਼ਤ ਜੈਨਟੀਅਨਜਾਮਣੀ ਜਾਂ 1.5 ਪ੍ਰਤੀਸ਼ਤ ਏਸਿਟਿਕ ਐਸਿਡ ਅਤੇ ਪ੍ਰੋਪਾਇਓਨਿਕ ਏਸਿਡ ਦਾ 60:40 ਦਾ ਮਿਸ਼ਰਣ ਫੀਡ ਵਿੱਚ ਜਾਂ 12 ਪ੍ਰਤੀਸ਼ਤ ਅੱਮੋਨੀਅਮ ਨਾਲ ਕੀਤਾ ਜਾ ਸਕਦਾ ਹੈ।

ਜੇਕਰ ਪਸ਼ੂਆਂ ਵਿੱਚ ਉਪਰੋਕਤ ਦੱਸੇ ਕਿਸੇ ਵੀ ਕਿਸਮ ਦੇ ਚਾਰੇ ਦੇ ਜ਼ਹਿਰੀਲੇਪਣ ਦੇ ਲੱਛਣ ਨਜ਼ਰ ਆਉਣ ਤਾਂ ਤੁਰੰਤ ਨੇੜੇ ਦੇ ਪਸ਼ੂ ਹਸਪਤਾਲ ਵਿੱਚ ਡਾਕਟਰ ਨਾਲ ਸੰਪਰਕ ਕਰਕੇ ਪਸ਼ੂ ਦਾ ਇਲਾਜ ਡਾਕਟਰ ਕੋਲੋਂ ਕਰਵਾਉਣਾ ਚਾਹੀਦਾ ਹੈ। ਕਦੇ ਵੀ ਆਪਣੇ ਪੱਧਰ 'ਤੇ ਦੇਸੀ ਨੁਸਖੇ ਵਰਤ ਕੇ ਪਸ਼ੂਆਂ ਦਾ ਇਲਾਜ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਕਈ ਵਾਰ ਪਸ਼ੂਆਂ ਦਾ ਨੁਕਸਾਨ ਵੀ ਹੋ ਜਾਂਦਾ ਹੈ।



# ਹਾੜ੍ਹੀ ਦੇ ਹਰੇ ਚਾਰਿਆਂ ਦੀ ਬਿਜਾਈ

ਮਸ਼ੀਨੀ ਖੇਤੀ ਦੇ ਆਉਣ ਨਾਲ ਪੰਜਾਬ ਵਿਚ ਡੰਗਰਾਂ ਦੀ ਮਹੱਤਤਾ ਘੱਟ ਗਈ ਹੈ। ਖੇਤੀ ਵਿਚ ਜਿਸਮਾਨੀ ਤਾਕਤ ਦੀ ਲੋੜ ਵੀ ਬਹੁਤੀ ਨਹੀਂ ਰਹੀ। ਵੱਡੀਆਂ ਕੰਪਨੀਆਂ ਨੇ ਆਪਣੇ ਉਤਪਾਦ ਵੇਚਣੇ ਸਨ ਜਿਸ ਕਰਕੇ ਦੁੱਧ ਘਿਉ ਖਿਲਾਫ ਮੁਹਿੰਮ ਸ਼ੁਰੂ ਹੋ ਗਈ ਹੈ। ਅਜੇਹਾ ਪ੍ਰਚਾਰ ਕੀਤਾ ਗਿਆ ਕਿ ਦੁੱਧ ਘਿਉ ਸਰੀਰ ਵਿਚ ਕਲਸਟ੍ਰੋਲ ਦਾ ਵਾਧਾ ਕਰਦਾ ਹੈ ਜਿਸ ਨਾਲ ਕਈ ਬਿਮਾਰੀਆਂ ਜਨਮ ਲੈਂਦੀਆਂ ਹਨ। ਇੰਝ ਲੋਕਾਂ ਨੇ ਦੇਸੀ ਘੀ ਤੇ ਦੁੱਧ ਦੀ ਵਰਤੋਂ ਘੱਟ ਕਰ ਦਿੱਤੀ ਤੇ ਚਾਹ ਪ੍ਰਧਾਨ ਬਣ ਗਈ। ਲੋਕਾਂ ਨੇ ਲਵੇਰੇ ਪਾਲਣੇ ਹੀ ਬੰਦ ਕਰ ਦਿੱਤੇ ਹਨ। ਕਦੇ ਸਮਾਂ ਸੀ ਜਦੋਂ ਘਰ ਵਿਚ ਚਾਹ ਦੀ ਵਰਤੋਂ ਨੂੰ ਭੈੜਾ ਮੰਨਿਆ ਜਾਂਦਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬੀਆਂ ਦੇ ਸਰੀਰ ਵਿਚ



ਡਾ. ਰਣਜੀਤ ਸਿੰਘ

ਲੋੜੀਂਦੇ ਜ਼ਰੂਰੀ ਤੱਤਾਂ ਦੀ ਘਾਟ ਹੋਣ ਲਗ ਪਈ। ਸਾਰੇ ਦੇਸ਼ ਵਿਚ ਵਧੀਆ ਖੁਰਾਕ ਕਾਰਨ ਤਕੜੇ ਮੰਨੇ ਜਾਂਦੇ ਪੰਜਾਬੀ ਵੀ ਕੁਪੋਸ਼ਣ ਦਾ ਸ਼ਿਕਾਰ ਹੋਣੇ ਸ਼ੁਰੂ ਹੋ ਗਏ ਹਨ। ਇਸ ਨੂੰ ਦੂਰ ਕਰਨ ਲਈ ਲਵੇਰੇ ਪਾਲਣੇ ਸ਼ੁਰੂ ਕਰੀਏ। ਸਵੇਰੇ ਚਾਹ ਦੀ ਥਾਂ ਲੱਸੀ ਤੇ ਮੱਖਣ ਦੀ ਵਰਤੋਂ ਕਰੀਏ ਅਤੇ ਸੌਣ ਤੋਂ ਪਹਿਲਾਂ ਦੁੱਧ ਦਾ ਗਿਲਾਸ ਜ਼ਰੂਰ ਪੀਈਏ। ਇੰਝ ਸ਼ਰਾਬ ਤੇ ਦੂਜੇ ਨਸ਼ਿਆਂ ਤੋਂ ਵੀ ਛੁਟਕਾਰਾ ਹੋ ਜਾਵੇਗਾ। ਦੁਧਾਰੂਆਂ ਤੋਂ ਪੂਰਾ ਦੁੱਧ ਪ੍ਰਾਪਤ ਕਰਨ ਲਈ ਹਰੇ ਚਾਰੇ ਦੀ ਵਿਸ਼ੇਸ਼ ਮਹੱਤਤਾ ਹੈ।

ਪੰਜਾਬ ਵਿਚ ਵਾਹੀ ਹੇਠ ਲਗਭਗ ਸਾਰੀ ਧਰਤੀ ਹੀ ਸੇਂਜੂ ਹੈ। ਇਥੇ ਮੌਸਮ ਵੀ ਸਾਰੇ ਹੀ ਆਉਂਦੇ ਹਨ। ਇਸੇ ਕਰਕੇ ਇਥੇ ਸਾਰਾ ਸਾਲ ਹਰੇ ਚਾਰਿਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸੇ ਕਰਕੇ ਪੰਜਾਬ ਦੇ ਦੁਧਾਰੂ ਪਸ਼ੂ ਦੂਜੇ ਸੂਬਿਆਂ ਦੇ ਮੁਕਾਬਲੇ ਵੱਧ ਦੁੱਧ ਦਿੰਦੇ ਹਨ। ਪੰਜਾਬ ਵਿਚ ਦੇਸ਼ ਦੇ ਦੁਧਾਰੂ ਪਸ਼ੂਆਂ ਦਾ ਦੋ ਫੀਸਦੀ ਹੈ ਪਰ ਦੇਸ਼ ਦੇ ਸਾਰੇ ਦੁੱਧ ਦੀ ਪੈਦਾਵਾਰ ਦਾ 8 ਫੀਸਦੀ ਇਥੇ ਹੁੰਦਾ ਹੈ। ਇਹ ਵੀ ਵੇਖਣ ਵਿਚ ਆਇਆ ਕਿ ਸਿੰਚਾਈ ਸਹੂਲਤਾਂ ਹੋਣ ਦੇ ਬਾਵਜੂਦ ਹਰੇ ਚਾਰੇ ਦੀ ਪੈਦਾਵਾਰ ਲੋੜ ਤੋਂ ਘੱਟ ਹੈ। ਪੰਜਾਬ ਵਿਚ ਹਰੇ ਚਾਰੇ ਹੇਠ ਰਕਬੇ ਵਿਚ ਵਾਧੇ ਦੀ ਲੋੜ ਹੈ ਤਾਂ ਜੋ ਪੈਦਾਵਾਰ ਵਿਚ ਵਾਧਾ ਹੋ ਸਕੇ। ਸਰਦੀਆਂ ਦਾ ਮੁੱਖ ਚਾਰਾ ਬਰਸੀਮ ਹੈ। ਇਸ ਦੀ ਬਿਜਾਈ ਸਤੰਬਰ ਦੇ ਅਖੀਰ ਅਤੇ ਅਕਤੂਬਰ ਦੇ ਸ਼ੁਰੂ ਵਿਚ ਕੀਤੀ ਜਾਂਦੀ ਹੈ। ਪੰਜਾਬ ਵਿਚ ਇਸ ਦੀ ਕਾਸ਼ਤ ਕੋਈ ਦੋ ਲੱਖ ਹੈਕਟੇਅਰ ਤੋਂ ਵੱਧ ਰਕਬੇ ਵਿਚ ਕੀਤੀ ਜਾਂਦੀ ਹੈ।

ਜੇਕਰ ਨਵੇਂ ਖੇਤ ਵਿਚ ਬਿਜਾਈ ਕਰਨੀ ਹੈ ਤਾਂ ਬੀਜ ਨੂੰ ਟੀਕਾ ਜ਼ਰੂਰ ਲਗਾਇਆ ਜਾਵੇ। ਪੰਜਾਬ ਵਿਚ ਕਾਸ਼ਤ ਲਈ ਬੀ ਐਲ 42, ਬੀ ਐਲ 43, ਬੀ ਐਲ 10 ਤੇ ਬੀ ਐਲ 44 ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇਕ ਏਕੜ ਲਈ 10 ਕਿਲੋ ਬੀਜ ਵਰਤਿਆ ਜਾਵੇ। ਬਿਜਾਈ ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿਚ ਕੀਤੀ ਜਾਵੇ। ਬੀਜਣ ਤੋ ਪਹਿਲਾਂ ਖੇਤ ਨੂੰ ਪਾਣੀ ਲਾਵੋ ਮੁੜ ਖੜੇ ਪਾਣੀ ਵਿਚ ਬੀਜ ਦਾ ਛੱਟਾ ਮਾਰ ਦਿੱਤਾ ਜਾਵੇ। ਬੀਜਣ ਤੋਂ ਪਹਿਲਾਂ ਖੇਤ ਨੂੰ ਪਾਣੀ ਲਾਵੋਂ ਮੁੜ ਖੜੇ ਪਾਣੀ ਵਿਚ ਬੀਜ ਦਾ ਛੱਟਾ ਮਾਰ ਦਿੱਤਾ ਜਾਵੇ। ਬਿਜਾਈ ਉਦੋਂ ਕਰੋਂ ਜਦੋਂ ਮੌਸਮ ਸ਼ਾਂਤ ਹੋਵੇ। ਬੀਜ ਨੂੰ ਕਾਸ਼ਨੀ ਰਹਿਤ ਕਰਨ ਲਈ ਪਾਣੀ ਵਿਚ ਡੋਬੋ, ਕਾਸ਼ਨੀ ਦੇ ਬੀਜ ਉਪਰ ਤਰ ਜਾਣਗੇ। ਇਨ੍ਹਾਂ ਨੂੰ ਕੱਢ ਦੇਵੋ। ਪਹਿਲਾ ਲੌ ਭਰਵਾਂ ਲੈਣ ਲਈ 750 ਗ੍ਰਾਮ ਸਰੋਂ ਪ੍ਰਤੀ ਏਕੜ ਪਾ ਦੇਵੋ। ਬਰਸੀਮ ਨਵੰਬਰ ਤੋਂ ਲੈ ਕੇ ਵਧੀਆ ਚਾਰਾ ਦਿੰਦੀ ਹੈ। ਪਹਿਲੀ ਕਟਾਈ ਬਿਜਾਈ ਤੋਂ ਕੋਈ 50 ਦਿਨਾਂ ਪਿੱਛੋਂ ਕੀਤੀ ਜਾ ਸਕਦੀ ਹੈ। ਬਰਸੀਮ ਵਰਗਾ ਹੀ ਇਕ ਹੋਰ ਚਾਰ ਸਫਤਲ (ਛਟਾਲਾ) ਹੈ। ਇਸ ਦੀ ਬਿਜਾਈ ਵੀ ਬਰਸੀਮ ਵਾਂਗ ਹੀ ਕੀਤੀ ਜਾਂਦੀ ਹੈ। ਸਫਤਲ-69 ਸਿਫਾਰਸ਼ ਕੀਤੀ ਕਿਸਮ ਹੈ। ਪ੍ਰੋਟੀਨ ਵੱਧ ਹੋਣ ਕਰਕੇ ਸਫਤਲ ਡੰਗਰਾਂ ਨੂੰ ਨਿਰੋਲ ਨਹੀਂ ਪਾਉਣਾ ਚਾਹੀਦਾ ਸਰੋਂ ਤੂੜੀ ਵਿਚ ਰਲਾ ਕੇ ਪਾਇਆ ਜਾਵੇ। ਲੂਸਣ ਵੀ ਇਸੇ ਤਰ੍ਹਾਂ ਦਾ ਇਕ ਹੋਰ ਚਾਰਾ ਹੈ। ਇਸ ਦੀ ਬਿਜਾਈ ਅਕਤੂਬਰ ਵਿਚ ਕੀਤੀ ਜਾਵੇ। ਇਕ ਏਕੜ ਵਿਚ ਸੱਤ ਕਿਲੋਂ ਬੀਜ ਦੀ ਲੋੜ ਪੈਂਦੀ ਹੈ। ਬਿਜਾਈ ਪੋਰ ਜਾਂ ਡਰਿਲ ਨਾਲ ਕਰੋ। ਲਾਈਨਾ ਵਿਚਕਾਰ ਫਾਸਲਾ 30 ਸੈਮੀ. ਰੱਖਿਆ ਜਾਵੇ। ਬੀਜ ਨੂੰ ਰਾਇਜ਼ੋਬੀਅਮ ਦਾ ਟੀਕਾ ਲਗਾ ਦੇ ਬੀਜਣਾ ਚਾਹੀਦਾ ਹੈ। ਪਹਿਲਾ ਪਾਣੀ ਬਿਜਾਈ ਤੋਂ ਇਕ ਮਹੀਨੇ ਪਿੱਛੋਂ ਦੇਵੋ। ਵੱਤਰ ਆਉਣ ਤੇ ਇਕ ਗੋਡੀ ਕਰ ਦੇਣੀ ਚਾਹੀਦੀ ਹੈ। ਇਸ ਦੀ ਪਹਿਲੀ ਕਟਾਈ ਕੋਈ 75 ਦਿਨਾਂ ਪਿਛੋਂ ਲਈ ਜਾ ਸਕਦੀ ਹੈ। ਐਲ.ਐਲ. ਕੰਪਾਜ਼ਿਟ 5 ਕਿਸਮ ਦੀ ਬਿਜਾਈ ਕਰੋ। ਜਵੀਂ ਇਕ ਹੋਰ ਹਾੜੀ ਦਾ ਵਧੀਆ ਚਾਰਾ ਹੈ। ਇਸ ਦੀ ਬਿਜਾਈ ਅਕਤੂਬਰ ਦੇ ਦੂਜੇ ਅੱਧ ਵਿਚ ਕੀਤੀ ਜਾ ਸਕਦੀ ਹੈ। ਓ ਐਲ 17, ਓ ਐਲ 16, ਓ ਐਲ 15, ਓ ਐਲ 14, ਓ ਐਲ 13, ਓ ਐਲ 10, ਓ ਐਲ 11 ਅਤੇ ਕੈਂਟ ਉਨਤ ਕਿਸਮਾਂ ਹਨ। ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪੋਰੇ ਨਾਲ ਬਿਜਾਈ ਕੀਤੀ ਜਾਵੇ। ਇਕ ਏਕੜ ਲਈ 25 ਕਿਲੋ ਬੀਜ ਚਾਹੀਦਾ ਹੈ। ਸਿਆੜਾਂ ਵਿਚਕਾਰ ਫਾਸਲਾ 20 ਸੈਂ. ਮੀ. ਰੱਖਿਆ ਜਾਵੇ। ਬਿਜਾਈ ਸਮੇਂ 33 ਕਿਲੋ ਯੂਰੀਆ ਅਤੇ 50 ਕਿਲੋ ਸੁਪਰ ਫਾਸਫੇਟ ਪ੍ਰਤੀ ਏਕੜ ਪਾਏ ਜਾਣ। ਕਈ ਕਟਾਈਆਂ ਦੇਣ ਵਾਲਾ ਇਕ ਹੋਰ ਵਧੀਆ ਚਾਰਾ ਰਾਈ ਘਾਹ ਹੈ, ਜਿਸ ਦੀ ਬਿਜਾਈ ਸਤੰਬਰ ਦੇ ਅਖੀਰ ਜਾਂ ਅਕਤੂਬਰ ਦੇ ਸ਼ੁਰੂ ਵਿਚ ਕੀਤੀ ਜਾਂਦੀ ਹੈ। ਪੰਜਾਬ ਰਾਈ ਘਾਹ 2 ਅਤੇ ਰਾਈ ਘਾਹ 1 ਉਨਤ ਕਿਸਮਾਂ ਹਨ। ਇਕ ਏਕੜ ਲਈ ਚਾਰ ਕਿਲੋ ਬੀਜ ਚਾਹੀਦਾ ਹੈ। ਬੀਜ ਬਰੀਕ ਹੁੰਦਾ ਹੈ। ਇਸ ਕਰਕੇ ਗਿੱਲੀ ਮਿੱਟੀ ਵਿਚ ਰਲਾ ਕੇ ਛੱਟੇ ਨਾਲ ਬੀਜਿਆ ਜਾਵੇ। ਛਾਪਾ ਫੇਰ ਕੇ ਪਾਣੀ ਲਗਾ ਦਿੱਤਾ ਜਾਵੇ। ਖੇਤ ਤਿਆਰ ਕਰਦੇ ਸਮੇਂ 15 ਕੁ ਟਨ ਰੂੜੀ ਪਾਈ ਜਾਵੇ। ਬਿਜਾਈ ਸਮੇਂ 33 ਕਿਲੋ ਯੂਰੀਆ ਪਾਵੋ। ਏਨਾ ਹੀ ਯੂਰੀਆ ਇਕ ਮਹੀਨੇ ਪਿੱਛੋਂ ਹੋਰ ਪਾਵੋ। ਪਹਿਲੀ ਕਟਾਈ 55 ਦਿਨਾਂ ਪਿੱਛੋਂ ਕੀਤੀ ਜਾ ਸਕਦੀ ਹੈ। ਇਕ ਏਕੜ ਵਿਚੋਂ 300 ਕੁਇੰਟਲ ਤੋਂ ਵੱਧ ਚਾਰਾ ਪ੍ਰਾਪਤ ਹੋ ਜਾਂਦਾ ਹੈ। ਸੇਂਜੀ ਇਕ ਹੋਰ ਵਧੀਆ ਚਾਰਾ ਹੈ, ਇਸ ਦੀ ਬਿਜਾਈ ਕਪਾਹ ਅਤੇ ਮੱਕੀ ਦੀ ਖੜ੍ਹੀ ਫਸਲ ਵਿਚ ਵੀ ਛੱਟੇ ਨਾਲ ਕੀਤੀ ਜਾ ਸਕਦੀ ਹੈ। ਸੇਂਜੀ ਸਫੈਦ 76 ਅਤੇ ਵਾਈ ਐਸ ਐਲ 106 ਸਿਫਾਰਸ਼ ਕੀਤੀਆਂ ਕਿਸਮਾਂ ਹਨ। ਵਾਈ ਐਸ ਐਲ 106 ਨੂੰ ਅਕਤੂਬਰ ਵਿਚ ਬੀਜਣਾ ਚਾਹੀਦਾ ਹੈ। ਇਕ ਏਕੜ ਲਈ 15 ਕਿਲੋ ਛਿਲਕੇ ਵਾਲਾ ਬੀਜ ਚਾਹੀਦਾ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਡੰਡੇ ਨਾਲ ਕੁੱਟ ਲਿਆ ਜਾਵੇ ਤਾਂ ਜੋ ਛਿਲਕੇ ਅੱਡ ਹੋ ਸਕੇ। ਬਰਸੀਮ ਦੀ ਬਿਜਾਈ ਤਾਂ ਲਾਗਲੇ ਸ਼ਹਿਰਾਂ ਵਿਚ ਚਾਰਾ ਵੇਚਣ ਲਈ ਵੀ ਕੀਤੀ ਜਾ ਸਕਦੀ ਹੈ। ਇਸ ਨਾਲ ਘਰ ਦੇ ਖਰਚੇ ਲਈ ਪੈਸੇ ਮਿਲਦੇ ਰਹਿਣਗੇ। ਪੰਜਾਬ ਵਿਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ। ਉਨ੍ਹਾਂ ਨੂੰ ਆਪਣੀ ਆਮਦਨ ਵਿਚ ਵਾਧਾ ਕਰਨ ਲਈ ਕੁਝ ਪਸ਼ੂ ਮੱਝਾਂ ਜਾਂ ਗਾਵਾਂ ਜ਼ਰੂਰੀ ਰੱਖਣੀਆਂ ਚਾਹੀਦੀਆਂ ਹਨ। ਡੰਗਰ ਹਮੇਸ਼ਾਂ ਚੰਗੀ ਨਸਲ ਦੇ ਅਤੇ ਭਰੋਸੇਯੋਗ ਵਸੀਲੇ ਤੋਂ ਖਰੀਦੋ। ਜੇਕਰ ਡੰਗਰਾਂ ਦੀ ਠੀਕ ਦੇਖਭਾਲ ਕੀਤੀ ਜਾਵੇ ਤਾਂ ਪੂਰਾ ਦੁੱਧ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਵਿਚ ਹਰੇ ਚਾਰੇ ਦੀ ਵਿਸ਼ੇਸ਼ ਮਹੱਤਤਾ ਹੈ। ਜਵੀ ਦੀ ਕਾਸ਼ਤ ਦਾਣਿਆਂ ਲਈ ਵੀ ਕੀਤੀ ਜਾ ਸਕਦੀ ਹੈ। ਓ ਐਲ 15 ਕਿਸਮ ਤੋਂ 11 ਕੁਇੰਟਲ ਤੱਕ ਦਾਣੇ ਪ੍ਰਾਪਤ ਹੋ ਜਾਂਦੇ ਹਨ।



**ਕੇਂਦਰ ਸਰਕਾਰ ਨੇ ਹਾੜ੍ਹੀ ਦੀਆਂ 6 ਫਸਲਾਂ ਦਾ ਸਮਰਥਨ ਮੁੱਲ ਵਧਾਇਆ**

# ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 150 ਰੁਪਏ ਵਧਾ ਕੇ 2425 ਰੁਪਏ ਪ੍ਰਤੀ ਕੁਇੰਟਲ ਕੀਤਾ

ਕੇਂਦਰ ਸਰਕਾਰ ਨੇ ਦੇਸ਼ ਦੇ ਕਿਸਾਨਾਂ ਨੂੰ ਦੀਵਾਲੀ ਦੀ ਸੌਗਾਤ ਦਿੱਤੀ ਹੈ। ਕਿਸਾਨਾਂ ਦੇ ਹਿੱਤਾਂ ਦਾ ਖਿਆਲ ਕਰਦੇ ਹੋਏ ਸਰਕਾਰ ਨੇ ਛੇ ਹਾੜ੍ਹੀ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਵਿੱਚ ਵਾਧਾ ਕਰ ਦਿੱਤਾ ਹੈ। ਇਹ ਵਾਧਾ ਘੱਟੋ-ਘੱਟ 130 ਰੁਪਏ ਅਤੇ ਵੱਧ ਤੋਂ ਵੱਧ 300 ਰੁਪਏ ਪ੍ਰਤੀ ਕੁਇੰਟਲ ਹੈ। ਕਣਕ ਦੀ ਐਮ. ਐਸ. ਪੀ. ਵਿੱਚ 150 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਰਕੇ 2,425 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਗਈ ਹੈ। ਸਭ ਤੋਂ ਵੱਧ ਵਾਧਾ ਰੇਪਸੀਡ ਅਤੇ ਸਰ੍ਹੋਂ ਦੇ ਭਾਅ ਵਿੱਚ ਹੋਇਆ ਹੈ। ਇਸ ਵਿੱਚ ਪ੍ਰਤੀ ਕੁਇੰਟਲ 300 ਰੁਪਏ ਤੱਕ ਵਾਧਾ ਹੋਇਆ ਹੈ। ਸਰਕਾਰੀ ਦਰ 'ਤੇ ਹਾੜ੍ਹੀ ਫਸਲਾਂ ਦੀ ਖਰੀਦ-ਵਿਕਰੀ ਦਾ ਸੈਸ਼ਨ ਅਪ੍ਰੈਲ 2025 ਤੋਂ ਸ਼ੁਰੂ ਹੋਵੇਗਾ। ਜ਼ਿਆਦਾਤਰ ਫ਼ਸਲਾਂ ਦੀ ਐਮ. ਐਸ. ਪੀ. ਹੁਣ ਲਾਗਤ ਦੇ ਲਗਭਗ ਡੇਢ ਗੁਣਾ ਹੋ ਚੁੱਕੀ ਹੈ, ਜਿਸ ਦੀ ਮੰਗ ਹੁੰਦੀ ਰਹੀ ਸੀ। ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਣਵ ਨੇ ਦੱਸਿਆ ਕਿ ਸਰਕਾਰ ਦਾ ਇਹ ਫੈਸਲਾ ਕਿਸਾਨਾਂ ਦੀ ਭਲਾਈ ਨਾਲ ਜੁੜਿਆ ਹੈ। ਸਾਉਣੀ ਦੀ ਤਰ੍ਹਾਂ ਹਾੜ੍ਹੀ ਫ਼ਸਲਾਂ ਦੀ ਐਮ. ਐਸ. ਪੀ. ਵਿੱਚ ਵੀ ਜ਼ਿਕਰਯੋਗ ਵਾਧਾ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਤਹਿਤ ਗਰੀਬਾਂ ਨੂੰ ਮੁਫਤ ਰਾਸ਼ਨ ਦੇਣ ਲਈ ਸਰਕਾਰ ਨੂੰ ਹਰੇਕ ਸਾਲ ਲਗਭਗ ਚਾਰ ਸੌ ਲੱਖ ਟਨ ਖੁਰਾਕੀ ਪਦਾਰਥਾਂ ਦੀ ਲੋੜ ਪੈਂਦੀ ਹੈ, ਜਿਸ ਵਿੱਚ ਝੋਨਾ ਅਤੇ ਕਣਕ ਪ੍ਰਮੁੱਖ ਹੈ। ਸਾਉਣੀ ਮੌਸਮ ਵਿੱਚ ਸਰਕਾਰ ਨੇ ਝੋਨੇ ਸਣੇ 17 ਫਸਲਾਂ ਦੀ ਐਮ. ਐਸ. ਪੀ. ਵਿੱਚ ਵਾਧਾ ਕੀਤਾ ਸੀ। ਹੁਣ ਹਾੜ੍ਹੀ ਵਿੱਚ ਕਣਕ ਦਾ ਸਮਰਥਨ ਮੁੱਲ ਪਿਛਲੇ ਸਾਲ ਦੇ 2,275 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 2,425 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।



ਉਨ੍ਹਾਂ ਕਿਹਾ ਕਿ ਖੁਰਾਕੀ ਤੇਲਾਂ ਅਤੇ ਦਾਲਾਂ ਲਈ ਅਸੀਂ ਦਰਾਮਦ 'ਤੇ ਨਿਰਭਰ ਰਹਿੰਦੇ ਹਾਂ। ਕੇਂਦਰ ਸਰਕਾਰ ਨੇ 2027 ਤੱਕ ਇਨ੍ਹਾਂ ਦੋਵਾਂ ਵਿੱਚ ਆਤਮ-ਨਿਰਭਰਤਾ ਹਾਸਲ ਕਰਨ ਦਾ ਟੀਚਾ ਰੱਖਿਆ ਹੈ। ਹਾੜ੍ਹੀ ਫ਼ਸਲਾਂ ਦੀ ਐਮ. ਐਸ. ਪੀ. 2018-19 ਦੇ ਬਜਟ ਦੇ ਐਲਾਨ ਮੁਤਾਬਕ ਹੀ ਤੈਅ ਕੀਤੀ ਗਈ ਹੈ। ਲਾਗਤ ਦਾ ਮੁਲਾਂਕਣ ਉਤਪਾਦਨ ਵਿੱਚ ਆਉਣ ਵਾਲਾ ਸੰਪੂਰਨ ਖਰਚ ਹੈ। ਐਮ. ਐਸ. ਪੀ. ਇਸ ਤੋਂ ਘੱਟ ਤੋਂ ਘੱਟ ਡੇਢ ਗੁਣਾ ਵੱਧ ਹੋਵੇਗੀ। ਇਸ ਦੇ ਮੁਤਾਬਕ ਲਾਗਤ ਦੇ ਮੁਕਾਬਲਾ ਕਣਕ ਦੀ ਐਮ. ਐਸ. ਪੀ. 105 ਫੀਸਦੀ ਹੈ। ਲਾਗਤ ਵਿੱਚ ਸਾਰੇ ਤਰ੍ਹਾਂ ਦੇ ਭੁਗਤਾਨ ਦੀ ਰਾਸ਼ੀ ਸ਼ਾਮਲ ਹੁੰਦੀ ਹੈ। ਜਿਵੇਂ ਮਨੁੱਖੀ ਤੇ ਮਸ਼ੀਨੀ ਕਿਰਤ, ਪਟੇ ਦੀ ਜ਼ਮੀਨ ਲਈ ਭੁਗਤਾਨ ਕੀਤਾ ਗਿਆ ਕਿਰਾਇਆ, ਬੀਜ, ਖਾਦ ਆਦਿ ਦੀ ਖਰੀਦਦਾਰੀ ਵਿੱਚ ਖਰਚ ਰੁਪਏ, ਸਿੰਚਾਈ ਫੀਸ, ਔਜ਼ਾਰਾਂ ਤੇ ਕਾਰਜਸ਼ੀਲ ਪੂੰਜੀ 'ਤੇ ਵਿਆਜ, ਪੰਪ ਸੈਟ ਆਦਿ ਦੇ ਸੰਚਾਲਨ ਲਈ ਡੀਜ਼ਲ, ਬਿਜਲੀ ਵੱਖ-ਵੱਖ ਖਰਚੇ ਤੇ ਪਰਿਵਾਰਕ ਕਿਰਤ ਨੂੰ ਇਸ ਵਿੱਚ ਜੋੜਿਆ ਜਾਂਦਾ ਹੈ।

| ਫ਼ਸਲਾਂ | ਨਵੀਂ ਐਮ. ਐਸ. ਪੀ. | ਪੁਰਾਣੀ ਐਮ. ਐਸ. ਪੀ. | ਲਾਗਤ | ਮਾਰਜਨ | ਵਾਧਾ |
|---|---|---|---|---|---|
| ਕਣਕ | 2,425 | 2,275 | 1,182 | 105 | 150 |
| ਜੌਂ | 1,980 | 1,850 | 1,239 | 60 | 130 |
| ਛੋਲੇ | 5,650 | 5,440 | 3,527 | 60 | 210 |
| ਮਸਰ | 6,700 | 6,425 | 3,537 | 89 | 275 |
| ਰੇਪਸੀਡ ਤੇ ਸਰ੍ਹੋਂ | 5,950 | 5,650 | 3,011 | 98 | 300 |
| ਸੂਰਜਮੁਖੀ | 5,940 | 5,800 | 3,960 | 50 | 140 |

**ਵਾਧਾ ਪ੍ਰਤੀ ਕੁਇੰਟਲ ਰੁਪਏ ਵਿੱਚ**

## ਪਾਣੀ ਦੇ ਸੰਕਟ ਕਾਰਨ ਵਿਸ਼ਵਵਿਆਪੀ ਭੋਜਨ ਉਤਪਾਦਨ ਦੇ ਅੱਧੇ ਹਿੱਸੇ ਉੱਤੇ ਮੰਡਰਾਇਆ ਖਤਰਾ : ਰਿਪੋਰਟ

ਪਾਣੀ ਦਾ ਸੰਕਟ ਦੁਨੀਆਂ ਦੇ ਅੱਧੇ ਤੋਂ ਵੱਧ ਭੋਜਨ ਉਤਪਾਦਨ ਨੂੰ ਖਤਰਾ ਪੈਦਾ ਕਰ ਰਿਹਾ ਹੈ ਅਤੇ 2050 ਤੱਕ ਵਿਸ਼ਵ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ) ਦਾ ਔਸਤਨ ਅੱਠ ਫੀ ਸਦੀ ਨੁਕਸਾਨ ਹੋ ਸਕਦਾ ਹੈ, ਜਿਸ ਨਾਲ ਘੱਟ ਆਮਦਨ ਵਾਲੇ ਦੇਸ਼ਾਂ ਨੂੰ 15 ਫੀਸਦੀ ਤੱਕ ਦੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਜਾਣਕਾਰੀ ਇਕ ਨਵੀਂ ਰਿਪੋਰਟ 'ਚ ਦਿੱਤੀ ਗਈ ਹੈ। ਨੇਤਾਵਾਂ ਅਤੇ ਮਾਹਰਾਂ ਦੇ ਇਕ ਅੰਤਰਰਾਸ਼ਟਰੀ ਸਮੂਹ 'ਗਲੋਬਲ ਕਮਿਸ਼ਨ ਆਨ ਦਿ ਇਕਨਾਮਿਕਸ ਆਫ ਵਾਟਰ' ਦੀ ਰਿਪੋਰਟ 'ਚ ਕਿਹਾ ਗਿਆ ਕਿ ਕਮਜ਼ੋਰ ਆਰਥਕ ਪ੍ਰਣਾਲੀਆਂ, ਜ਼ਮੀਨ ਦੀ ਅੰਨ੍ਹੇਵਾਹ ਵਰਤੋਂ, ਪਾਣੀ ਦੇ ਸਰੋਤਾਂ



ਦੇ ਲਗਾਤਾਰ ਦੁਰਪ੍ਰਬੰਧ ਅਤੇ ਵਿਗੜ ਰਹੇ ਜਲਵਾਯੂ ਕਾਰਨ ਗਲੋਬਲ ਜਲ ਚੱਕਰ ਕਾਫੀ ਪ੍ਰਭਾਵਿਤ ਹੋਇਆ ਹੈ।

ਰਿਪੋਰਟ ਵਿਚ ਕਿਹਾ ਗਿਆ, ''ਪਾਣੀ ਦੇ ਸੰਕਟ ਕਾਰਨ 2050 ਤੱਕ ਦੁਨੀਆ ਦੇ ਅੱਧੇ ਤੋਂ ਵੱਧ ਭੋਜਨ ਉਤਪਾਦਨ 'ਤੇ ਅਸਰ ਪੈ ਸਕਦਾ ਹੈ ਅਤੇ ਇਸ ਦੇ ਕਾਰਨ ਵਿਸ਼ਵ ਪੱਧਰ 'ਤੇ ਦੇਸ਼ਾਂ ਦੇ ਕੁੱਲ ਘਰੇਲੂ ਉਤਪਾਦ ਵਿਚ ਅੱਠ ਫੀਸਦੀ ਅਤੇ ਘੱਟ ਆਮਦਨ ਵਾਲੇ ਦੇਸ਼ਾਂ ਵਿਚ 15 ਫੀਸਦੀ ਤੱਕ ਦਾ ਨੁਕਸਾਨ ਹੋ ਸਕਦਾ ਹੈ। ਇਸ ਦੇ ਵੱਡੇ ਆਰਥਿਕ ਨਤੀਜੇ ਵੀ ਹੋ ਸਕਦੇ ਹਨ।'' ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲਗਭਗ ਤਿੰਨ ਅਰਬ ਲੋਕ ਅਤੇ ਦੁਨੀਆਂ ਦੇ ਅੱਧੇ ਤੋਂ ਵੱਧ ਭੋਜਨ ਉਤਪਾਦਨ ਅਜਿਹੇ ਖੇਤਰਾਂ ਵਿਚ ਸਥਿਤ ਹਨ ਜਿੱਥੇ ਪਾਣੀ ਦੀ ਉਪਲਬਧਤਾ ਘੱਟ ਜਾਂ ਅਸਥਿਰ ਹੈ। ਕਈ ਸ਼ਹਿਰ ਧਰਤੀ ਹੇਠਲੇ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ ਪੋਟਸਡੈਮ ਕਲਾਈਮੇਟ ਇਮਪੈਕਟ ਰਿਸਰਚ ਇਸਟੀਚਿਊਟ (ਪੀ ਆਈ ਕੇ) ਦੇ ਡਾਇਰੈਕਟਰ ਦੇ ਚਾਰ ਸਹਿ-ਚੇਅਰਾਂ ਵਿਚੋਂ ਇਕ ਜੌਨ ਰੌਕਸਟਰੌਮ ਨੇ ਕਿਹਾ, ''ਅੱਜ ਦੁਨੀਆਂ ਦੀ ਅੱਧੀ ਆਬਾਦੀ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੀ ਹੈ। ਜਿਵੇਂ ਜਿਵੇਂ ਮਹੱਤਵਪੂਰਨ ਸਰੋਤਾਂ ਦੀ ਘਾਟ ਹੁੰਦੀ ਜਾ ਰਹੀ ਹੈ, ਉਵੇਂ ਭੋਜਨ ਸੁਰੱਖਿਆ ਅਤੇ ਮਨੁੱਖੀ ਵਿਕਾਸ ਖਤਰੇ ਵਿਚ ਪੈ ਰਿਹਾ ਹੈ ਅਤੇ ਅਸੀਂ ਅਜਿਹਾ ਹੋਣ ਦੇ ਰਹੇ ਹਾਂ।' ਰੌਕਸਟਰੌਮ ਨੇ ਕਿਹਾ, 'ਮਨੁੱਖੀ ਇਤਿਹਾਸ ਵਿਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਅਸੀਂ ਗਲੋਬਲ ਜਲ ਚੱਕਰ ਨੂੰ ਪ੍ਰਭਾਵਤ ਕਰ ਰਹੇ ਹਾਂ।' ਰਿਪੋਰਟ ਵਿਚ ਨੋਟ ਕੀਤਾ ਗਿਆ ਹੈ ਕਿ ਹੁਣ ਤੱਕ ਅਪਣਾਏ ਗਏ ਜਲ ਪ੍ਰਬੰਧਨ ਲਈ ਪੰਹੁਚ ਅਸਫਲ ਰਹੇ ਹਨ, ਕਿਉਕਿ ਉਹ ਵੱਖ-ਵੱਖ ਅਰਥਵਿਵਸਥਾਵਾਂ ਵਿਚ ਪਾਣੀ ਦੇ ਵਿਭਿੰਨ ਮੁੱਲਾਂ ਅਤੇ ਮਹੱਤਵਪੂਰਨ ਵਾਤਾਵਰਣ ਪ੍ਰਣਾਲੀਆਂ ਨੂੰ ਸੁਰੱਖਿਅਤ ਰੱਖਣ ਵਿਚ ਇਹ ਭੂਮਿਕਾ ਨਜ਼ਰਅੰਦਾਜ਼ ਕਰਦੇ ਹਨ।

## ਸਬਜ਼ੀਆਂ ਦੀ ਸਿਹਤਮੰਦ ਪਨੀਰੀ ਉਗਾਉਣ ਦੇ ਜ਼ਰੂਰੀ ਨੁਕਤੇ

★ ਟਮਾਟਰ, ਬੈਂਗਣ ਅਤੇ ਸ਼ਿਮਲਾ ਮਿਰਚ ਪਨੀਰੀ ਦੀ ਬਿਜਾਈ ਅਕਤੂਬਰ ਦੇ ਅੱਧ ਵਿਚ ਕੀਤੀ ਜਾਂਦੀ ਹੈ ਅਤੇ ਅੱਧ ਨਵੰਬਰ ਵਿਚ ਇਸਨੂੰ ਖੇਤ ਵਿਚ ਪੁੱਟ ਕੇ ਲਗਾਇਆ ਜਾਂਦਾ ਹੈ।

★ ਪਿਆਜ਼ ਦੀ ਪਨੀਰੀ ਨੂੰ ਨਵੰਬਰ ਵਿਚ ਲਗਾਇਆ ਜਾਂਦਾ ਹੈ ਅਤੇ ਜਨਵਰੀ ਵਿਚ ਇਸਨੂੰ ਪੁੱਟ ਕੇ ਖੇਤ ਵਿਚ ਲਗਾਇਆ ਜਾਂਦਾ ਹੈ।

★ ਪਨੀਰੀ ਹਮੇਸ਼ਾ ਉਸ ਜਗ੍ਹਾਂ ਲਗਾਓ ਜਿੱਥੇ ਸੂਰਜ ਦੀ ਰੋਸ਼ਨੀ ਪੈਂਦੀ ਹੋਵੇ, ਪਾਣੀ ਦਾ ਪ੍ਰਬੰਧ ਹੋਵੇ, ਰੋੜੇ ਜਾਂ ਕੰਕਰ ਨਾ ਹੋਣ ਅਤੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਹੋਵੇ।

★ ਪਨੀਰੀ ਉਗਾਉਣ ਲਈ ਅੱਧਾ ਫੁੱਟ ਉੱਚਾ, 3-4 ਫੁੱਟ ਚੌੜਾ ਅਤੇ 12-15 ਫੁੱਟ ਲੰਬਾ ਬੈਡ ਬਣਾਓ।

★ ਹਮੇਸ਼ਾਂ ਪਨੀਰੀ ਦੇ ਬੈੱਡ ਨੂੰ ਪੂਰਬ-ਪੱਛਮ ਦਿਸ਼ਾ ਵਿਚ ਬਣਾਉ। ਇਸ ਗੱਲ ਦਾ ਧਿਆਨ ਰੱਖੋ ਕਿ ਪਿਛਲੇ ਸਾਲ ਬੀਜੀ ਜਗ੍ਹਾ ਉੱਪਰ ਦੁਬਾਰਾ ਪਨੀਰੀ ਨਾ ਬੀਜੋ।

★ ਬੈੱਡ ਬਣਾਉਣ ਤੋਂ ਬਾਅਦ ਮਿੱਟੀ ਉੱਪਰ ਫੋਰਮਾਲੀਨ ਜਾਂ ਫੋਰਮੈਲੇਡੋਰਾਈਡ (4 ਮਿ.ਲੀ, ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ) ਦਾ ਛਿੜਕਾਅ ਕਰੋ। ਛਿੜਕਾਅ ਕਰਨ ਤੋਂ ਬਾਅਦ ਬੈੱਡ ਉੱਪਰ (100 ਗੇਜ) ਪਲਾਸਟਿਕ ਦੀ ਸ਼ੀਟ ਵਿਛਾ ਕੇ ਦਬਾ ਦਿਓ। 72 ਘੰਟੇ ਬਾਅਦ ਪਲਾਸਟਿਕ ਸ਼ੀਟ ਨੂੰ ਹਟਾ ਕੇ ਮਿੱਟੀ ਨੂੰ ਕਹੀ ਨਾਲ ਪੋਲਾ ਕਰੋ ਤਾਂ ਜੋ ਮਿੱਟੀ ਵਿਚ ਮੌਜੂਦ ਲਾਰਵੇ ਜਾਂ ਬਿਮਾਰੀ ਦੇ ਕੀਟਾਣੂ ਜਾਂ ਨੀਮਾਟੋਡ ਤੋਂ ਮੁਕਤ ਕੀਤਾ ਜਾ ਸਕੇ।

★ ਬਿਜਾਈ ਤੋਂ ਪਹਿਲਾਂ, ਬੈੱਡ ਉੱਪਰ 2 ਇੰਚ ਡੂੰਘੀਆਂ ਲਾਈਨਾਂ ਲਗਾਉ। ਬੀਜਣ ਸਮੇਂ ਬੀਜ ਨੂੰ ਕੈਪਟਾਨ ਜਾਂ ਥੀਰਮ ਨਾਲ ਸੋਧੋ ਜੋ ਕਿ 2.5-3 ਗ੍ਰਾਮ ਪ੍ਰਤੀ ਕਿਲੋ ਮਿਕਦਾਰ ਦੇ ਹਿਸਾਬ ਨਾਲ ਹੋਵੇ। ਬੀਜ ਨੂੰ ਹਮੇਸ਼ਾਂ ਪਹਿਲਾਂ ਤੋਂ ਮਾਰੀਆਂ ਹੋਈਆਂ ਲਾਈਨਾਂ ਵਿਚ 1-2 ਸੈਂਟੀਮੀਟਰ ਡੂੰਘਾ ਬੀਜੋ।

★ ਇਸ ਤੋਂ ਬਾਅਦ ਲਾਈਨਾਂ ਉੱਪਰ ਗਲੀ ਸੜੀ ਰੂੜੀ ਪਾ ਦਿਓ। ਬੀਜੇ ਹੋਏ ਬੀਜ ਨੂੰ ਫੁਹਾਰੇ ਨਾਲ ਪਾਣੀ ਦਿਉ।

★ ਪਨੀਰੀ ਨੂੰ ਦਿਨ ਵਿਚ ਦੋ ਵਾਰ ਪਾਣੀ ਦਿਓ (ਸਵੇਰੇ ਅਤੇ ਸ਼ਾਮ)। ਸਰਦੀਆਂ ਵਿਚ ਜਦੋਂ ਤਾਪਮਾਨ ਘੱਟ ਜਾਵੇ ਤਾਂ ਬੈਡਾਂ ਨੂੰ 100 ਗੇਜ਼ ਦੀ ਪਲਾਸਟਿਕ ਸ਼ੀਟ ਨਾਲ ਢੱਕ ਦਿਓ। ਜਦੋਂ ਬੀਜ ਪੁੰਗਰ ਜਾਵੇ ਤਦ ਪਲਾਸਟਿਕ ਸ਼ੀਟ ਨੂੰ ਚੱਕ ਦਿਓ।



★ ਜਦੋਂ ਪਨੀਰੀ 4-6 ਹਫਤੇ ਦੀ ਹੋ ਜਾਵੇ ਤਦ ਇਸਨੂੰ ਪੁੱਟਕੇ ਖੇਤ ਵਿੱਚ ਲਗਾ ਦਿਉ। ਇਸ ਗੱਲ ਦਾ ਧਿਆਨ ਰੱਖੋ ਕਿ ਖੇਤ ਵਿਚ ਲਗਾਉਣ ਤੋਂ 3-4 ਦਿਨ ਪਹਿਲਾ ਇਸ ਦਾ ਪਾਣੀ ਬੰਦ ਕਰ ਦਿਓ ਤਾਂ ਜੋ ਪਨੀਰੀ ਸਖਤ ਹੋ ਜਾਵੇ ਅਤੇ ਪੱਟਣ ਸਮੇਂ ਹਲਕਾ ਪਾਣੀ ਦੇਕੇ ਪਨੀਰੀ ਪੱਟ ਲਵੋ ਅਤੇ ਖੇਤ ਵਿਚ ਸ਼ਾਮ ਨੂੰ ਲਗਾਕੇ ਤੁਰੰਤ ਪਾਣੀ ਦੇ ਦਵੋ।

**ਪਲੱਗ ਟਰੇਅ ਜਾਂ ਪੋਲੀਥੀਨ ਲਿਫਾਫਿਆਂ ਵਿਚ ਜਾਣ ਦੀ ਵਿਧੀ :**

ਅੱਜਕੱਲ, ਬੇਮੌਸਮੀ ਪਨੀਰੀ ਅਗੇਤੇ ਜਾਂ ਪਿਛੇਤੀ ਪਨੀਰੀ ਪੈਦਾ ਕਰਨ ਲਈ ਪਲੱਗ ਟਰੇਅ ਜਾਂ ਪੋਲੀਥੀਨ ਲਿਫਾਫਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਵਿਧੀ ਰਾਹੀਂ ਕੱਦੂ ਜਾਤੀ ਦੀ ਪਨੀਰੀ ਜਾਂ ਦੋਗਲੀਆਂ ਕਿਸਮਾਂ ਦੀ ਪਨੀਰੀ ਲਈ ਵਰਤਿਆ ਜਾਂਦਾ ਹੈ ਤਾਂ ਜੋ ਮਹਿੰਗੇ ਬੀਜ ਦਾ ਹਰ ਇੱਕ ਦਾਣੇ ਨੂੰ ਅਨੁਕੂਲਿਤ ਵਾਤਾਵਰਨ ਦੇ ਪੁੰਗਰਾਇਆ ਜਾ ਸਕੇ। ਪਨੀਰੀ ਉਗਾਉਣ ਲਈ, ਕੋਕੋਪੀਟ (ਨਾਰੀਅਲ ਦਾ ਬੁਰਦਾ), ਪਰਲਾਈਟ ਅਤੇ ਵਰਮੀਕੁਲਾਇਟ ਨੂੰ 3:1:1 ਦੇ ਹਿਸਾਬ ਨਾਲ ਚੰਗੀ ਤਰ੍ਹਾਂ ਰਲਾ ਕੇ ਪਲੱਗ ਟਰੇਅ ਵਿਚ ਭਰ ਦਿਓ। ਬੀਜ ਨੂੰ ਬੀਜਣ ਤੋਂ ਪਹਿਲਾਂ ਕੈਪਟਾਨ ਜਾਂ ਥੀਰਮ (2.5-3 ਗ੍ਰਾਮ/ਕਿੱਲੋ ਬੀਜ) ਦੇ ਹਿਸਾਬ ਨਾਲ ਸੋਧੋ। ਕੱਦੂ ਜਾਤੀ ਦੀ ਅਗੇਤੀ ਬਿਜਾਈ ਲਈ ਇਹਨਾਂ ਨੂੰ ਨਵੰਬਰ ਵਿਚ ਪਲੱਗ ਟਰੇਅ ਵਿਚ ਬੀਜੋ ਅਤੇ ਖੇਤ ਵਿਚ ਪੱਟ ਕੇ ਫਰਵਰੀ ਵਿਚ ਲਗਾਓ। ਛੋਟੇ ਆਕਾਰ ਵਾਲੇ ਬੀਜ ਜਿਵੇਂ ਕਿ ਟਮਾਟਰ, ਬੈਂਗਣ ਅਤੇ ਮਿਰਚ ਆਦਿ 98 ਖਾਨਿਆਂ ਵਾਲੀ ਪਲੱਗ ਟਰੇਅ ਵਿਚ ਬੀਜੋ ਜਦ ਕਿ ਵੱਡੇ ਆਕਾਰ ਦੇ ਬੀਜ ਵਾਲੀਆਂ ਸਬਜ਼ੀਆਂ ਜਿਵੇਂ ਕਿ ਕੱਦੂ ਜਾਤੀ ਦੀਆਂ ਸਬਜ਼ੀਆਂ ਨੂੰ 50 ਖਾਨਿਆਂ ਵਾਲੀ ਪਲੱਗ ਟਰੇਅ ਵਿਚ ਬੀਜੋ। ਉਪਰੋਕਤ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਕਿਸਾਨ ਵੀਰ ਸਬਜ਼ੀਆਂ ਦੀ ਸਿਹਤਮੰਦ ਪਨੀਰੀ ਤਿਆਰ ਕਰ ਸਕਦੇ ਹਨ।

**ਦਿਲਪ੍ਰੀਤ ਤਲਵਾੜ, ਰੂਮਾ ਦੇਵੀ ਅਤੇ ਸਰਵਪ੍ਰਿਆ ਸਿੰਘ** (ਮੋ. 95927-72123)

# ਬਲਾਕ ਕਾਹਨੂੰਵਾਨ ਦੇ 8 ਕਿਸਾਨਾਂ ਨੇ ਗੁੱਜਰ ਭਾਈਚਾਰੇ ਦੇ ਸਹਿਯੋਗ ਨਾਲ ਸੁਪਰਸੀਡਰ, ਜ਼ੀਰੋ ਡਰਿੱਲ, ਤਵੀਆਂ, ਬੇਲਰ, ਪਰਾਲੀ ਖਿਲਾਰ ਕੇ, ਰੋਟਾਵੇਟਰ ਰਾਹੀਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਬਾਰੇ ਦੱਸੇ ਨਿਵੇਕਲੇ ਢੰਗ ਤਜ਼ਰਬੇ

ਪਿਆਰੇ ਦੋਸਤੋ ਹਰੇਕ ਗੱਲ ਹੀ ਕਿਸੇ ਨਾ ਕਿਸੇ ਤੇ ਕਾਰਨ ਬਣਾ ਕੇ ਸੁੱਟਣ ਦੀ ਬਜਾਏ ਭਾਵੇਂ ਉਹ ਸਰਕਾਰ ਹੋਵੇ ਜਾਂ ਕੋਈ ਅਦਾਰਾ ਜਾਂ ਮੈਂ ਗਰੀਬ ਹਾਂ ਮੇਰੇ ਕੋਲ ਸੰਦ ਮਸ਼ੀਨਾਂ ਨਹੀਂ ਹਨ । ਗੱਲ ਏਂ ਕਿ ਚੰਗਾ ਹੱਲ ਤੇ ਚੰਗਾ ਉੱਦਮ ਕੇਵਲ ਕੁੱਝ ਕੁ ਸਮਝ ਵਿਚਾਰ ਨੂੰ ਆਪਣੇ ਉੱਪਰ ਲੈ ਕੇ ਵੀ ਆਪਣੇ ਆਪ ਦੀ ਸੋਚ ਵਿਚ ਵੀ ਬਦਲਾਅ ਦੇ ਨਾਲ ਕ੍ਰਾਂਤੀ ਆਉਂਦੀ ਹੈ । ਕਿਸਾਨ ਵੀਰੋ ਸੋਚ ਕੇਵਲ ਮਨੁੱਖਤਾ ਦੇ ਭਲੇ ਬਾਰੇ ਸੋਚਣ ਜਾਂ ਵਾਤਾਵਰਣ ਸਾਫ ਰੱਖਣ ਬਾਰੇ ਸੋਚਣ ਨਾਲ ਖੁਦ ਦਾ ਪੱਲਾ ਲਗਾ ਕੇ ਹੀ ਅਸੀਂ ਬਾਕੀਆਂ ਨਾਲੋਂ ਵੱਖਰੇ ਹੋਣ ਦੇ ਰਾਹੀ ਬਣ ਸਕਦੇ ਹਾਂ । ਏਸ ਸੋਚ ਤੇ ਕਥਨੀ ਵਿਚੋਂ ਇਕ ਮੋਟਾ ਤਜ਼ਰਬਾ ਇਹ ਸਾਹਮਣੇ ਆਇਆ ਕਿ ਜਿੱਥੇ ਪਰਾਲੀ ਖੇਤ ਚ ਦਬਾਈ ਗਈ, ਉੱਥੇ ਮੌਸਮ ਖਰਾਬ ਦੇ ਚਲਦਿਆਂ ਵੀ ਕਣਕ ਦੀ ਪੁੰਗਰਾਟ ਵਧੀਆ ਰਹੀ ਕਾਰਨ ਪਰਾਲੀ ਵਿਚ ਬਾਰਿਸ਼ ਦਾ ਪਾਣੀ ਵਧੇਰੇ ਜੀਰਿਆ । ਅੱਜ ਇਨ੍ਹਾਂ ਵੱਲੋਂ ਕੀਤੇ ਸਮਝ ਦੇ ਉੱਦਮ ਤੇ ਵਰਤੀਆਂ ਤਕਨੀਕਾਂ ਤੇ ਜ਼ਰੀਏ ਤੁਹਾਡੇ ਸਾਹਮਣੇ ਲਿਆਉਣ ਦਾ ਯਤਨ ਕੀਤਾ ਗਿਆ ਹੈ, ਤਾਂ ਜੋ ਆਪਾਂ ਸਾਰੇ ਰਲ ਮਿਲ ਕੇ ਏਨਾਂ ਤੋਂ ਕੁਦਰਤ ਨਾਲ ਜੁੜਨ ਦਾ ਰਾਹ ਸਿਖ ਸਮਝ ਕੇ ਤਜਰਬਿਆਂ ਨਾਲ ਵਾਤਾਵਰਨ ਨੂੰ ਸਾਫ ਰੱਖਣ ਲਈ ਯੋਗਦਾਨ ਪਾਈਏ, ਫਸਲ ਦੀ ਪਰਾਲੀ ਜ਼ਮੀਨ ਦੀ ਖੁਰਾਕ ਨੂੰ ਸ਼ਰਾਪ ਤੇ ਬਦਨਾਮੀ ਦਾ ਸਬੱਬ ਨਾ ਬਣਾਈਏ ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਡਿਪਟੀ ਕਮਿਸ਼ਨਰ ਗੁਰਦਾਸਪੁਰ ਸ਼੍ਰੀ ਉਮਾ ਸ਼ੰਕਰ ਗੁਪਤਾ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਸੁਰਿੰਦਰਪਾਲ ਸਿੰਘ ਵੱਲੋਂ ਪ੍ਰਸੰਸਾ ਪੱਤਰ ਦੇ ਕੇ ਕੀਤਾ ਸਨਮਾਨਿਤ

**ਕਿਸਾਨ ਬਣੇ ਹੋਰਨਾਂ ਕਿਸਾਨਾਂ ਲਈ ਸ਼ੋਧਕ**



## ਆਓ ਗੱਲ ਕਰੀਏ ਕਿਸਾਨਾਂ ਨਾਲ

**1. ਸ. ਮਨੋਹਰ ਸਿੰਘ ਪ੍ਰਧਾਨ ਕਿਸਾਨ ਯੂਨੀਅਨ** (75893-49514) ਪਿੰਡ ਕਾਹਨੂੰਵਾਨ ਨੇ ਕਿਹਾ ਕਿ ਮੈਂ ਪਿਛਲੇ ਤਿੰਨ ਸਾਲਾਂ ਤੋਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾਲ ਟਟਹਿਰੀ ਦੇ ਆਂਡੇ ਸੜੇ ਦੇਖੇ, ਦੂਜੀ ਵਾਰ ਮਹਿਤਾ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਹਾਦਸੇ ਜੋ ਤਿੰਨ ਸਾਲ ਦਾ ਬੱਚਾ ਪਰਿਵਾਰ ਸਮੇਤ ਅੱਗ ਦੇ ਧੂਏਂ ਕਾਰਨ ਟਰੱਕ ਹੇਠਾਂ ਆ ਗਿਆ ਤਾਂ ਦੇਖ ਸੁਣ ਕੇ ਦਿਲ ਤੇ ਮਨ ਬਹੁਤ ਝੰਜੋੜਿਆ ਗਿਆ ਕਿ ਅਸੀਂ ਕਿਧਰ ਨੂੰ ਤੁਰ ਪਏ ਹਾਂ। ਏਨਾਂ ਘਟਨਾਵਾਂ ਤੋਂ ਬਾਅਦ ਮੈਂ ਬਹੁਤ ਸਾਰੇ ਆਪਣੇ ਨੇੜੇ ਦੇ ਪਰਿਵਾਰਾਂ ਤੇ ਸਾਰੇ ਕਿਸਾਨ ਭਰਾਵਾਂ ਨੂੰ ਮਿੱਟੀ ਨੂੰ ਸਾੜਨ ਤੋਂ ਰੋਕਿਆ । ਹੁਣ ਵੀ ਖੇਤ 'ਚ ਪਹਿਲਾਂ ਫਿਰ ਤੁਰ ਕੇ ਪੰਛੀਆਂ ਦੇ ਆਂਡੇ ਦੇਖ ਕੇ ਉੱਥੇ ਡੰਡਾ ਗੱਡ ਕੇ ਖੇਤ ਵਾਹੁੰਦਾ ਹਾਂ। ਆਪਾਂ ਕੀਤੇ ਅਣਜਾਣੇ ਵਿਚ ਬੇਜ਼ੁਬਾਨਾਂ ਨੂੰ ਮਾਰਨ ਦੇ ਦੋਸ਼ੀ ਨਾ ਬਣੀਏ । ਕਣਕ ਦੀ ਬਿਜਾਈ ਸੁਪਰਸੀਡਰ ਨਾਲ ਕਰ ਰਿਹਾ ਹਾਂ । ਪਰਾਲੀ ਖੇਤ 'ਚ ਖਿਲਾਰ ਕੇ ਵਿੱਚੇ ਦਬਾ ਦਿੰਦੇ ਹਾਂ। ਇਸ ਹਰੀ ਖਾਦ ਨਾਲ ਬੂਟਾ ਸਿਹਤਮੰਦ ਹੁੰਦਾ ਦੇਖ ਕੇ ਖਾਦ ਘਟਾ ਦਿੱਤੀ ਹੈ ਨਾ ਬਿਮਾਰੀ ਤੇ ਨਾ ਪਿਆ ਕੀਟ । ਮੈਂ ਹੌਲੀ ਹੌਲੀ 100% ਕੁਦਰਤੀ ਖੇਤੀ ਵੱਲ ਆ ਰਿਹਾ ਹਾਂ, ਹੁਣ ਇਸ ਵਾਰ ਇਕ ਏਕੜ ਤੋਂ ਸ਼ੁਰੂਆਤ ਕਰਾਂਗਾ। ਉਹਨਾਂ ਕਿਹਾ ਕਿ ਮੈਨੂੰ ਪਰਾਲੀ ਨੂੰ ਖੇਤ ਚ ਦਬਾਉਣ ਨਾਲ ਜੋ ਪਹਿਲਾਂ ਫਾਇਦਾ ਹੋਇਆ ਕਿ ਮਿੱਟੀ ਚ ਮਿੱਤਰ ਜੀਵਾਂ ਜੰਤੂਆਂ ਦੀ ਗਿਣਤੀ ਵਧੀ ਗੰਡੋਏ ਬੇਸ਼ੁਮਾਰ ਹੋਏ ਤੇ ਮਿੱਟੀ ਉਪਜਾਊ ਹੋਈ । ਬਤੌਰ ਕਿਸਾਨ ਲੀਡਰ ਹੋਣ ਤੇ ਮੈਂ ਕਿਸਾਨ ਭਰਾਵਾਂ ਨੂੰ ਅਪੀਲ ਕਰਦਾ ਹਾਂ ਕਿ ਏਸ ਅੱਗ ਦੇ ਸੇਕ ਨਾਲ ਧਰਤੀ ਦੀ ਉਪਰਲੀ ਤਹਿ ਤੇ ਤਾਕਤ ਨਸ਼ਟ ਹੁੰਦੀ ਹੈ ਮੈਂ ਜ਼ਮੀਨ ਨੂੰ ਫੋਲ ਕੇ ਦੇਖਿਆ ਤਾਂ ਮਿੱਟੀ ਬੰਜ਼ਰ ਬਣੀ ਮਹਿਸੂਸ ਹੋਈ । ਇਸ ਦੇ ਨਾਲ ਉਹਨਾਂ ਕਿਹਾ ਕਿ ਮੇਰੀ ਯੂਨੀਅਨ ਦੇ ਪ੍ਰਧਾਨ ਵੀ ਪਾਣੀ ਤੇ ਅੱਗ ਦੇ ਮੁੱਦੇ ਤੇ ਬਹੁਤ ਚਿੰਤਿਤ ਹਨ ।

**2. ਸ. ਮਹਿਤਾਬ ਸਿੰਘ ਸੰਧੂ** (84277-82216) ਪਿੰਡ ਠੱਕਰਸੰਧੂ ਨੇ ਕਿਹਾ ਕਿ ਮੈਂ ਪਿਛਲੇ ਤਿੰਨ ਸਾਲਾਂ ਤੋਂ ਅੱਗ ਨਹੀਂ ਲਗਾਈ । ਅਸੀਂ ਤੰਗਲੀ ਨਾਲ ਖੇਤ 'ਚ ਪਰਾਲੀ ਖਿਲਾਰ ਕੇ ਸੁਪਰਸੀਡਰ ਨਾਲ ਕਣਕ ਦੀ ਬਿਜਾਈ ਕੀਤੀ । ਸਾਡੀ ਜ਼ਮੀਨ ਸਖਤ ਹੋਣ ਕਰਕੇ ਕਣਕ ਨੂੰ ਲਗਾਇਆ ਪਹਿਲਾ ਪਾਣੀ ਜੀਰਦਾ ਨਹੀਂ ਸੀ । ਜਿਸ ਨਾਲ ਫਸਲ ਪੀਲੀ ਪੈ ਜਾਂਦੀ ਸੀ । ਪਹਿਲੀ ਵਾਰ ਖੇਤ 'ਚ ਮੁੱਢ ਵਾਹੇ ਤਾਂ ਦੇਖਿਆ ਕਿ ਮਿੱਟੀ ਪੋਲੀ ਹੋਈ ਤੇ ਕਣਕ ਦਾ ਝਾੜ 24 ਕੁਇੰਟਲ ਤੋਂ ਕਦੇ ਟੱਪਿਆ ਨਹੀਂ। ਏਸ ਹਰੀ ਖਾਦ ਨਾਲ ਬੂਟੇ ਦੀ ਨਾਲੀ ਮੋਟੀ ਹੋਈ ਫਸਲ ਤਕੜੀ ਤੇ ਤੰਦਰੁਸਤ ਹੋਈ, ਫਸਲ ਹਨੇਰੀ ਚ ਡਿੱਗਦੀ ਨਹੀਂ, ਮਿੱਟੀ ਪੋਲੀ ਹੋਣ ਕਰਕੇ ਜੜ੍ਹਾਂ ਡੂੰਘੀ ਜਾਂਦੀਆਂ। ਮੈਂ ਖਾਦ ਪਹਿਲਾਂ ਪੰਜ ਬੋਰੇ ਪਾਉਂਦੇ ਸਾਂ, ਜੋ ਚੌਥੇ ਸਾਲ ਹੁਣ ਦੋ ਬੋਰੇ ਯੂਰੀਆ ਖਾਦ ਤੇ ਆ ਗਿਆ । ਉਹਨਾਂ ਕਿਹਾ ਕਿ ਮੈਂ ਬਹੁਤ ਸਾਰੇ ਲੋਕਾਂ ਨੂੰ ਦੱਸਿਆ ਕਿ ਅੱਗ ਲਗਾਉਣ ਦਾ ਨੁਕਸਾਨ ਹੀ ਹੈ ਭਰਾਵੋ । ਉਹਨਾਂ ਕਿਹਾ ਕਿ ਮੇਰੀ ਅਗਿਆਨਤਾ ਕਰਕੇ ਨੁਕਸਾਨ ਹੋਇਆ। ਅੱਜ ਸਾਡੀ ਫਸਲ ਨੂੰ ਨਾ ਝੁਲਸ ਰੋਗ ਪਿਆ ਨਾ ਕੀੜਾ ਮਕੌੜਾ ਜੋ ਪਹਿਲਾਂ ਸਭ ਪੈਂਦੇ ਸਨ । ਅੱਜ ਮੈਂ ਦਸ ਕਿਲੇ 'ਚ ਸੁੱਕਾ ਕੱਦੂ ਨਾਲ ਝੋਨਾ ਲਗਾਉਂਦਾ । ਬਹੁਤ ਲੋਕ ਫੋਨ ਕਰਦੇ ਹਨ ਤੇ ਬਹੁਤ ਫਸਲ ਦੇਖਣ ਆਉਂਦੇ ਹਨ । ਅਸੀਂ 126 ਘੱਟ ਸਮੇਂ ਵਾਲੀ ਫਸਲ ਨੂੰ ਜ਼ਿਆਦਾ ਤਰਜੀਹ ਦਿੰਦੇ । ਜਿਸ ਦਾ ਝਾੜ 32-34 ਰਹਿੰਦੇ । ਕਿਸਾਨ ਭਰਾਵਾਂ ਨੂੰ ਉਹਨਾਂ ਅਪੀਲ ਕੀਤੀ ਕਿ ਇਕ ਏਕੜ ਰਕਬੇ 'ਚ ਅੱਗ ਨਾ ਲਗਾ ਕੇ ਤਜ਼ਰਬਾ ਖੁਦ ਕਰਨ ਤੇ ਦੋਨੋਂ ਫਸਲ ਦੇਖਣ, ਕਿ ਕਿਹੜੀ ਜ਼ਿਆਦਾ ਤੰਦਰੁਸਤ ਰਹਿੰਦੀ ਹੈ, ਨਸ਼ਟ ਹੋਏ ਤੱਤਾਂ ਵਾਲੀ ਜਾਂ ਉਪਜਾਊ ਸ਼ਕਤੀ ਵਧਾਉਣ ਵਾਲੀ ਜਿਸ ਨੂੰ ਅੱਗ ਨਹੀਂ ਲਗਾਈ ।

**3. ਸ. ਕਰਨਬੀਰ ਸਿੰਘ** (98721-73343) ਪਿੰਡ ਤੁਗਲਵਾਲ ਨੇ ਕਿਹਾ ਕਿ ਮੈਂ ਕਨੇਡਾ ਤੋਂ ਦੱਸ ਸਾਲ ਲਗਾ ਕੇ ਵਾਪਸੀ ਕੀਤੀ ਹੈ। ਉਥੋਂ ਦਾ ਮੈਨੂੰ ਖੇਤੀਬਾੜੀ ਸਿਸਟਮ ਬਹੁਤ ਵਧੀਆ ਲੱਗਾ, ਲੋਕ ਕੁਦਰਤ ਨੂੰ ਪਿਆਰ ਕਰਦੇ ਹਨ, ਨਾ ਦਰਖਤ ਕੱਟਦੇ ਨੇ ਤੇ ਨਾ ਫਸਲ ਮਿੱਟੀ ਨੂੰ ਅੱਗ ਲਗਾਉਂਦੇ ਹਨ। ਵਾਤਾਵਰਨ ਸਾਫ ਖੁਦ ਰੱਖਦੇ ਹਨ ਨਾ ਕਿ ਕਿਸੇ ਦੇ ਕਹਿਣ ਤੇ ਕੁਦਰਤ ਵੀ ਪਿਆਰ ਖੂਬਸੂਰਤੀ ਦੇ ਸਾਫ ਹਵਾ ਨਾਲ ਮੋੜਦੀ ਹੈ। ਮੈਂ ਖੁਦ ਪਿਛਲੇ 8 ਸਾਲਾਂ ਤੋਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਹੀਂ ਲਗਾਈ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਣ ਕਰਕੇ ਖਾਦ ਵੀ ਘਟਾ ਦਿੱਤੀ । ਪਹਿਲੇ ਸਾਲ ਤੋਂ ਲੈ ਕੇ ਹੁਣ ਤੱਕ ਗੁਜਰਾਂ ਤੋਂ ਚੁਕਵਾ ਕੇ ਬਾਕੀ ਤਵੀਆਂ ਦੇ ਦੋਹਰ ਨਾਲ ਖੇਤ 'ਚ ਦਬਾ ਕੇ ਪਾਣੀ ਲਗਾ ਕੇ ਕਿਰਾਏ ਤੇ ਸੁਪਰਸੀਡਰ ਮੰਗਵਾ ਕੇ ਬਿਜਾਈ ਕਰਦੇ ਹਾਂ । ਕਣਕ ਸਮੇਂ ਰੀਪਰ ਨਾਲ ਤੇ ਨੁਕਰਾਂ ਚੋਂ ਆਪ ਵੱਢ ਕੇ ਤਵੀਆਂ ਦੇ ਦੋਹਰ ਨਾਲ ਖੇਤ ਤਿਆਰ ਕਰਦੇ ਹਾਂ । ਇਸ ਨਾਲ ਲੰਮੇ ਸਮੇਂ ਤੋਂ ਝਾੜ ਤੇ ਬੂਟੇ ਦੀ ਨਾਲੀ ਤੇ ਸਿਹਤ ਦਾ ਵਾਧਾ ਹੋਇਆ ਤੇ ਵਾਤਾਵਰਣ ਸਾਫ ਰੱਖਣ ਵਿਚ ਯੋਗਦਾਨ ਪਾ ਰਿਹਾ । ਗੰਡੋਏ ਖੇਤ 'ਚ ਬਥੇਰੇ ਹਨ ਜੋ ਮਿੱਟੀ ਫਰੋਲਦੇ ਨੇ । ਖਾਦ ਪਹਿਲਾਂ 3.5 ਬੋਰੇ ਪਾਉਂਦੇ ਸਾਂ ਜੋ ਅੱਜ 2 ਬੋਰੇ ਤੇ ਆ ਗਏ ਅਜੇ ਖਾਦ ਹੋਰ ਘਟਾਵਾਂਗੇ। ਅਸੀਂ ਹਰ ਸੀਜ਼ਨ ਦੇਸੀ ਰੂੜੀ ਦੀ ਵਰਤੋਂ ਕਰਦੇ ਹਾਂ, ਕਿਉਕਿ ਮੈਂ ਬਹੁਤ ਲੰਮੇ ਸਮੇਂ ਤੋਂ ਗੁੱਜਰ ਭਾਈਚਾਰੇ ਨੂੰ ਆਪਣੇ ਇਕ ਕਨਾਲ ਰਕਬੇ ਵਿਚ ਬੈਠਾਏ ਹਨ। ਉਹ ਪਰਾਲੀ ਚੁੱਕ ਲੈਂਦੇ ਹਨ ਤੇ ਰੂੜੀ ਦੇ ਦਿੰਦੇ ਹਨ। ਅੱਗ ਨਾ ਲਗਾਉਣ ਕਰਕੇ ਮੇਰੀ ਫਸਲ ਨੂੰ ਨੇੜਲੇ ਖੇਤਾਂ ਨਾਲੋਂ ਬਿਮਾਰੀ ਕੀਟ ਘੱਟ ਪੈਂਦਾ। ਕਿਸਾਨਾਂ ਨੂੰ ਅਪੀਲ ਕੀਤੀ ਕਿ ਮਿੱਟੀ ਨਹੀਂ ਸਾੜਨੀ ਚਾਹੀਦੀ । ਸਾਨੂੰ ਵੀ ਕੁਦਰਤ ਨਾਲ ਪਿਆਰ ਕਰਨਾ ਚਾਹੀਦਾ ਹੈ, ਹਵਾ ਪ੍ਰਦੂਸ਼ਿਤ ਕਰਕੇ ਜੀਵਾਂ ਨੂੰ ਮਾਰਨਾ ਜਾਂ ਸਾਹ ਲੈਣ ਤੋਂ ਖਰਾਬ ਕਰਨਾ ਗਲਤ ਹੈ। ਕਿਸਾਨ ਵੀਰ ਬੇਲਰ ਜਾਂ ਗੁੱਜਰਾਂ ਤੋਂ ਚੁਕਵਾ ਲੈਣ ਕਾਹਲੀ ਨਾ ਕਰਨ ਬਿਜਾਈ ਦੀ। ਇਥੇ ਵੀ ਵਿਦੇਸ਼ਾਂ ਵਾਂਗ ਕੁਦਰਤ ਨੂੰ ਪਹਿਲ ਦੇ ਕੇ ਕਾਨੂੰਨ ਬਣਾਉਣ ਦੀ ਲੋੜ ਹੈ।

**4. ਸ. ਸਤਨਾਮ ਸਿੰਘ** (88722-71200) ਪਿੰਡ ਸੈਦਪੁਰ ਹਾਰਨੀ ਨੇ ਕਿਹਾ ਕਿ ਮੈਂ ਇਕ ਜਾਗਰੂਕ ਸਰਕਾਰੀ ਮੁਲਾਜ਼ਮ ਵੀ ਹਾਂ, ਮੈਂ ਪਿਛਲੇ ਪੰਜ ਸਾਲਾਂ ਤੋਂ ਅੱਗ ਨਹੀਂ ਲਗਾਈਂ । ਪਿਛਲੇ ਸਮੇਂ 'ਚ ਪਿੱਛੇ ਖੇਤਾਂ ਤੋਂ ਆਈਂ ਅੱਗ ਨਾਲ ਮੇਰੇ ਖੇਤ ਦੀ ਮਿੱਟੀ ਵੀ ਸੜੀ, ਜਿਸਨੂੰ ਮੈਂ ਬਾਅਦ 'ਚ ਫਰੋਲ ਕੇ ਦੇਖਿਆ ਤਾਂ ਹੇਠਾਂ ਵੀ ਸੇਕ ਗਿਆ ਸੀ ਤੇ ਮਿੱਟੀ ਸੜੀ ਬੰਜਰ ਹੋਈ ਲੱਗੀ, ਜਿਸ ਨੂੰ ਦੇਖ ਦਿਲੋਂ ਦੁੱਖ ਹੋਇਆ । ਕਈ ਵਾਰ ਹੱਲਾਂ ਨਾਲ ਪਾੜ ਪਾ ਕੇ ਪਾਣੀ ਲਗਾ ਕੇ ਜ਼ੀਰੋ ਡਰਿੱਲ ਨਾਲ ਵੀ ਦਾਣਾ ਬੀਜ ਦਿੰਦੇ ਹਾਂ। ਹੁਣ ਮੈਂ ਵੱਧ ਪੈਸੇ ਦੇ ਕੇਬਕਾਇਦਾ ਕੰਬਾਈਨ ਦੇ ਅੱਗੇ ਐਸ ਐਮ ਐਸ ਲਗਾ ਕੇ ਫਸਲ ਨੂੰ ਕਟਾਉਂਦਾ ਹਾਂ ਤੇ ਉਸਦੇ ਫੂਸ ਨੂੰ ਪਾਣੀ ਲਗਾ ਕੇ ਸੁਪਰ ਸੀਡਰ ਨਾਲ ਦਬਾ ਦਿੰਦੇ ਹਾਂ। ਇਸ ਹਰੀ ਖਾਦ ਨਾਲ ਫਸਲ ਨੂੰ ਬਿਮਾਰੀ ਨਹੀਂ ਲਗਦੀ ਤੇ ਜ਼ਮੀਨ ਪੋਲੀ ਰਹਿੰਦੀ ਹੈ । ਗੰਡੋਏ ਖੇਤ 'ਚ ਬੇਅੰਤ ਹਨ, ਜੋ ਮਿੱਟੀ ਨੂੰ ਫਰੋਲਦੇ ਨੇ, ਖਾਦ ਘਟਾ ਯੂਰੀਆ ਦੇ ਦੋ ਬੋਰੇ ਕੀਤੇ ਹਨ। ਪਰਾਲੀ ਖੇਤ 'ਚ ਰੱਖਣ ਦਾ ਫਾਇਦਾ ਕਿ ਭਾਰੀ ਬਾਰਸ਼ ਪੈਣ ਨਾਲ ਵੀ ਦਾਣਾ ਤੁਰ ਪੈਂਦਾ ਹੈ ।

ਚੱਲਦਾ

BEW
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੈਂਟ ਡਿਜ਼ਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਝੋਨਾ** : ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਝੋਨੇ ਦੀ ਵਾਢੀ ਲਈ ਤਿਆਰ ਫਸਲ ਦੀ ਕਟਾਈ ਕਰ ਲੈਣ । ਫਸਲ ਪੱਕਣ ਤੋਂ ਦੋ ਹਫਤੇ ਪਹਿਲਾਂ ਪਾਣੀ ਦੇਣਾ ਬੰਦ ਕਰ ਦਿਓ ਤਾਂ ਕਿ ਕਟਾਈ ਸੌਖੀ ਹੋ ਸਕੇ । ਇਸ ਤਰ੍ਹਾਂ ਕਰਨ ਨਾਲ ਝੋਨੇ ਪਿੱਛੋਂ ਬੀਜੀ ਜਾਣ ਵਾਲੀ ਹਾੜ੍ਹੀ ਦੀ ਫਸਲ ਵੀ ਵੇਲੇ ਸਿਰ ਬੀਜੀ ਜਾ ਸਕੇਗੀ । ਜਿਨ੍ਹਾਂ ਖੇਤਾਂ ਵਿਚ ਤਣੇ ਗੜੂੰਇਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉਥੇ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 20 ਮਿਲੀਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ ਜਾਂ 1.0 ਲਿਟਰ, ਕਲੋਰੋਪਾਈਰੀਫਾਸ ਪ੍ਰਤੀ ਏਕੜ ਦਾ





ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ । ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ । ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ ।

**ਨਰਮਾ** : ਕਿਸਾਨ ਵੀਰਾਂ ਨੂੰ ਸਲਾਹ



ਦਿੱਤੀ ਜਾਂਦੀ ਹੈ ਕਿ ਨਰਮੇ ਦੀ ਚੁਗਾਈ ਪੂਰੀ ਕਰ ਲਵੋ ।

**ਕਮਾਦ** : ਇਸ ਮਹੀਨੇ ਦੀ 20 ਤਰੀਕ ਤੱਕ ਗੰਨੇ ਦੀ ਬਿਜਾਈ ਖਤਮ ਕਰ ਲਵੋ । ਬੀਜ ਨੂੰ ਸਿਫਾਰਸ਼ ਅਨੁਸਾਰ ਸੋਧ ਲਵੋ । ਕਤਾਰਾਂ ਦਾ ਫਾਸਲਾ 90 ਸੈ. ਮੀ. ਰੱਖੋ । ਕਤਾਰਾਂ ਵਿਚਕਾਰ ਸਰ੍ਹੋਂ, ਮਟਰ, ਗੋਭੀ ਸਰ੍ਹੋਂ, ਬੰਦ ਗੋਭੀ, ਛੋਲੇ, ਕਣਕ, ਮੂਲੀ, ਲਸਣ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ । ਫਸਲ ਦੀ ਬਿਜਾਈ 2 ਕਤਾਰਾਂ ਵਿਚ ਇਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿਚ ਕਰੋ ਅਤੇ ਕਤਾਰਾਂ ਦਾ ਫਾਸਲਾ 90 ਸੈਮੀ. ਰੱਖੋ । ਗੰਨੇ ਦੀ ਬਿਜਾਈ ਦੋ ਕਤਾਰੀ ਖਾਲੀ ਰਾਹੀਂ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫਸਲ ਦੀ ਸੌਖੀ ਬਨਾਈ ਅਤੇ ਝਾੜ ਵਿਚ ਵਾਧਾ ਹੁੰਦਾ ਹੈ । ਕਮਾਦ ਵਿਚ ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਟਰਾਈਕੋਗਰਾਮਾ ਕੀਲੋਨਿਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦਾ ਵਕਫੇ ਤੇ ਖੇਤ ਵਿਚ ਛੱਡੋ । ਖੇਤ ਵਿਚ ਮਿੱਤਰ ਕੀੜੇ ਛੱਡਣ ਲਈ ਇਕ ਟਰਾਈਕੋ-ਕਾਰਡ (10×15 ਸੈ. ਮੀ.) ਨੂੰ 5×0.75 ਸੈ. ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿਚ ਕੱਟੋ । ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ ਤੇ ਹੇਠਲੇ ਪਾਸੇ ਇਕ ਏਕੜ ਵਿਚ ਬਰਾਬਰ ਦੂਰੀ ਤੇ 40 ਥਾਵਾਂ ਤੇ ਸ਼ਾਮ ਵੇਲੇ ਪਿੰਨ੍ਹਾਂ ਨਾਲ ਨੱਥੀ ਕਰੋ । ਆਗ ਦੇ ਗੜੂੰਏਂ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿੱਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ ।

**ਤੇਲ ਬੀਜ** : ਰਾਇਆ ਦੀਆਂ ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357 ਕਿਸਮਾਂ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਸੇਜੂ ਹਾਲਤਾਂ ਲਈ ਢੁੱਕਵੀਆਂ ਹਨ ਅਤੇ ਬਰਾਨੀ ਹਾਲਤਾਂ ਲਈ ਪੀ ਬੀ ਆਰ 97 ਕਿਸਮ ਬੀਜੋ । ਆਰ ਸੀ ਐਚ 1, ਪੀ ਐਚ ਆਰ 126 ਅਤੇ ਪੀ ਬੀ ਆਰ 91 ਕੇਵਲ ਦੱਖਣ-ਪੱਛਮੀ ਸੇਜੂ ਇਲਾਕਿਆਂ ਲਈ ਸਿਫਾਰਿਸ਼ ਕੀਤੀਆਂ ਜਾਂਦੀਆਂ ਹਨ । ਰਾਇਆ ਦੀ ਫਸਲ ਲਈ ਢੁਕਵਾਂ ਸਮਾਂ ਅਕਤੂਬਰ ਦਾ ਦੂਜਾ ਪੰਦਰਵਾੜਾ ਹੈ । ਗੋਭੀ ਸਰ੍ਹੋਂ ਪੀ ਜੀ ਐਸ ਐਚ 1707, ਜੀ ਐਸ ਸੀ 7, ਜੀ ਐਸ ਸੀ-6 ਕਿਸਮਾਂ ਦੀ ਬਿਜਾਈ 10 ਅਕਤੂਬਰ ਤੋਂ



ਸ਼ੁਰੂ ਕਰ ਦੇਣੀ ਚਾਹੀਦੀ ਹੈ । ਅਫਰੀਕਨ ਸਰ੍ਹੋਂ ਪੀ ਸੀ 6 ਬਿਜਾਈ ਵੀ ਇਸ ਸਾਰੇ ਮਹੀਨੇ ਵਿਚ ਕੀਤੀ ਜਾ ਸਕਦੀ ਹੈ । ਰਾਇਆ, ਅਫਰੀਕਨ ਸਰ੍ਹੋਂ ਅਤੇ ਗੋਭੀ ਸਰ੍ਹੋਂ ਨੂੰ ਬਿਜਾਈ ਵੇਲੇ 45 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਤੇ 10 ਕਿਲੋ ਮਿਊਰੇਟ ਆਫ ਪੋਟਾਸ਼ (ਸਿਰਫ ਘਾਟ ਵਾਲੀਆਂ ਜ਼ਮੀਨਾਂ ਵਿਚ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣ ਦੀ ਜ਼ਰੂਰਤ ਹੈ । ਯੂਰੀਏ ਦੀ ਦੂਸਰੀ ਕਿਸ਼ਤ 45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਵੇਲੇ ਪਾਓ ।

**ਚਾਰੇ** : ਬਰਸੀਮ ਦੀ ਫਸਲ ਨੂੰ 6 ਟਨ ਦੇਸੀ ਰੂੜੀ ਅਤੇ 125 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਤੋਂ ਪਹਿਲਾਂ ਪਾਉ । ਜਿੱਥੇ ਦੇਸੀ ਖਾਦ ਨਹੀਂ ਮਿਲਦੀ, ਉੱਥੇ 185 ਕਿਲੋ ਸਿੰਗਲ ਸੁਪਰਫਾਸਫੇਟ ਦੇਨਾਲ 22 ਕਿਲੋ



ਯੂਰੀਆ/ਏਕੜ ਵਰਤੋ ।

**ਛੋਲੇ** : ਛੋਲਿਆਂ ਦੀ ਕਿਸਮ ਪੀ ਡੀ ਜੀ 4 ਦੀ ਬਿਜਾਈ ਬਰਾਨੀ ਹਾਲਤਾਂ ਵਿਚ 10 ਤੋਂ 25 ਅਕਤੂਬਰ ਤੱਕ ਕਰੋ ।

**ਮਸਰ** : ਨੀਮ ਪਹਾੜੀ ਇਲਾਕਿਆਂ ਵਿਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਦੂਸਰੇ ਪੰਦਰਵਾੜੇ ਵਿਚ ਕਰੋ ਅਤੇ ਐਲ ਐਲ 1373 ਕਿਸਮ ਦਾ 18 ਕਿਲੋ ਬੀਜ ਪ੍ਰਤੀ ਏਕੜ ਤੇ ਐਲ ਐਲ 931 ਕਿਸਮ ਦਾ 12-15 ਕਿਲੋ ਪ੍ਰਤੀ ਏਕੜ ਬੀਜ ਬੀਜੋ ।

**ਬਾਗਬਾਨੀ** : ਨਵੇਂ ਲਗਾਏ ਫਲਦਾਰ ਬੂਟਿਆਂ ਦੇ ਠੀਕ ਵਾਧੇ ਅਤੇ ਇਹਨਾਂ ਦਾ ਢਾਂਚਾ ਅਤੇ ਅਕਾਰ ਸਹੀ ਬਣਾਉਣ ਲਈ ਇਹਨਾਂ ਬੂਟਿਆਂ ਨੂੰ ਬਾਂਸ ਦੇ ਡੰਡਿਆਂ ਨਾਲ ਸਹਾਰਾ ਦਿੱਤਾ ਜਾ ਸਕਦਾ ਹੈ । ਇਨ੍ਹਾਂ ਬੂਟਿਆਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹੋ । ਜਿੰਨੀਆਂ ਦੀ ਸ਼ਾਖਾਵਾਂ ਪਿਉਂਦੀ ਸ਼ਾਖਾ ਦੇ ਹੇਠੋਂ ਨਿਕਲੀ ਆਂ ਹੋਣ ਉਹਨਾਂ ਨੂੰ ਲਗਾਤਾਰ ਕੱਟਦੇ ਰਹੋ । ਸਟਾਰਅਬੇਰੀ ਦੀ ਪਨੀਰੀ ਇਸ ਮਹੀਨੇ ਖੇਤ ਵਿਚ ਲਗਾਈ ਜਾ ਸਕਦੀ ਹੈ । ਅਗੇਤੇ ਪੱਕਣ ਵਾਲੇ ਮਾਲਟੇ ਜਿਵੇਂ ਕਿ ਮੁਸੰਮੀ, ਅਰਲੀ ਗੋਲਡ ਦੇ ਫਲਾਂ ਦੀ ਤੁੜਾਈ ਇਸ ਮਹੀਨੇ ਸ਼ੁਰੂ ਕੀਤੀ ਜਾ ਸਕਦੀ ਹੈ ।

**ਸਬਜ਼ੀਆਂ** : ਪਤਝੜ ਦੀ ਫਸਲ ਲਈ ਆਲੂ ਪੰਜਾਬ ਪੋਟੈਟੋ-101 ਅਤੇ ਪੰਜਾਬ ਪੋਟੈਟੋ-102 ਕਿਸਮਾਂ, ਖਾਸਤੌਰ ਤੇ ਜੇ ਬੀਜ ਤਿਆਰ ਕਰਨਾ ਹੋਵੇ ਤਾਂ ਬਿਜਾਈ ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿਚ ਕਰ ਦਿਉ । 100 ਗ੍ਰਾਮ ਬੀਜ ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ 100 ਗ੍ਰਾਮ ਦੋ ਮਰਲੇ (50 ਸੁਕੇਅਰ ਮੀਟਰ) ਵਿਚ ਬੀਜੋ । ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ । ਫੁੱਲਗੋਭੀ ਦੀ ਮੁੱਖ ਸਮੇਂ ਦੀਆਂ ਕਿਸਮਾਂ ਦੀ ਪਨੀਰੀ ਖੇਤ ਵਿਚ ਲਗਾਉ । ਸਰਦੀਆਂ ਦੀ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ । ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ । ਬੈਂਗਣ ਅਤੇ ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ । ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਪੋਰਟ ਦਿਉ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ ।

**ਪਸ਼ੂ ਪਾਲਣ** : ਪਸ਼ੂਆਂ ਦਾ ਠੀਕ ਸਮੇਂ ਤੇ ਟੀਕਾਕਰਨ ਕਰਵਾਉ ਤਾਂ ਜੋ ਉਨ੍ਹਾਂ ਨੂੰ ਬੀਮਾਰੀਆਂ ਜਿਵੇਂ ਮੂੰਹਖੁਰ ਗਲਘੋਟੂ, ਪੱਟਸੋਜਾ, ਐਨਟੇਰੋਟੋਕਸੀਮਿਆ ਆਦਿ ਤੋਂ ਬਚਾਇਆ ਜਾ ਸਕੇ । ਸਮੇਂ ਸਮੇਂ ਤੇ ਪਸ਼ੂਆਂ ਨੂੰ ਮਲੱਪਾਂ ਵਿਰੁੱਧ ਦਵਾਈ ਵੀ ਦੇਣੀ ਲਾਜ਼ਮੀ ਹੈ ਕਿਉਂਕਿ ਉਹ ਪਸ਼ੂ ਨੂੰ ਦਿੱਤੀ ਖੁਰਾਕ ਦੀ ਵਰਤੋਂ ਆਪਣੇ ਵਾਧੇ ਲਈ ਕਰਦੇ ਹਨ ਅਤੇ ਪਸ਼ੂ ਕਮਜ਼ੋਰ ਹੁੰਦਾ ਜਾਂਦਾ ਹੈ । ਮਲੱਪਾਂ ਅਤੇ ਹੋਰ ਕੀੜੇ ਮਾਰ ਦਵਾਈਆਂ ਨੂੰ ਬਦਲ ਵੀ ਲੈਣਾ ਚਾਹੀਦਾ ਹੈ ਤਾਂ ਕਿ ਪਸ਼ੂ ਵਿਚ ਇਨ੍ਹਾਂ ਵਿਰੁੱਧ ਪ੍ਰਤੀਰੋਧ ਪੈਦਾ ਨਾ ਹੋ ਜਾਵੇ । ਇਸ ਸਮੇਂ ਵਾਧੂ ਹਰੇ ਚਾਰੇ ਦੀ ਕਟਾਈ ਕਰਕੇ ਉਸਨੂੰ ਸੰਭਾਲ ਲੈਣਾ ਚਾਹੀਦਾ ਹੈ ਤਾਂ ਜੋ ਪੱਠਿਆਂ ਦੀ ਥੁੜ ਸਮੇਂ ਉਸਦੀ ਵਰਤੋਂ ਕੀਤੀ ਜਾ ਸਕੇ । ਹਰੇ ਚਾਰੇ ਨੂੰ ਲੋੜੀਂਦੀ ਮਾਤਰਾ ਵਿਚ ਸੁੱਕੇ ਚਾਰੇ ਵਿਚ ਮਿਲਾ ਕੇ ਹੀ ਪਸ਼ੂ ਨੂੰ ਦਿਉ ਕਿਉਂਕਿ ਸਿਰਫ ਹਰਾ ਚਾਰਾ ਦੇਣ ਨਾਲ ਕਈ ਵਾਰ ਪਸ਼ੂ ਨੂੰ ਮੋਕ ਲੱਗ ਜਾਂਦੀ ਹੈ ਅਤੇ ਐਸੀਡੋਸਿਸ ਵਰਗੀ ਸਮੱਸਿਆ ਵੀ ਆਉਂਦੀ ਹੈ । ਵਾਧੂ ਹਰੇ ਚਾਰੇ ਨੂੰ ਸਾਂਭਣ ਲਈ ਅਸੀਂ ਉਸਦਾ ਆਚਾਰ ਜਾਂ ਹੇਅ ਤਿਆਰ ਕਰ ਸਕਦੇ ਹਾਂ ।

# ਰਣਧੀਰ ਸਿੰਘ ਚੰਦ - ਕੁਝ ਯਾਦਾਂ

ਰਣਧੀਰ ਸਿੰਘ ਚੰਦ ਨੌਜਵਾਨ ਸ਼ਾਇਰ ਜਿਹੜਾ ਥੋੜ੍ਹੇ ਸਮੇਂ ਵਿਚ ਹੀ ਸਥਾਪਤੀ ਦੀ ਕੁਰਸੀ ਉੱਤੇ ਬੈਠ ਗਿਆ ਸੀ । ਉਹ ਆਪਣੇ ਮੈਗਜ਼ੀਨ ਵੀ ਪ੍ਰਕਾਸ਼ਿਤ ਕਰਦਾ ਸੀ ਜਿਹੜਾ ਨੌਜਵਾਨ ਪੀੜ੍ਹੀ ਵਿਚ ਮਕਬੂਲ ਹੋ ਰਿਹਾ ਸੀ । ਮੈਂ ਉਸਨੂੰ ਪੜ੍ਹਿਆ ਸੀ ਕਦੇ ਮੁਲਾਕਾਤ ਨਹੀਂ ਸੀ ਹੋਈ । ਉਸ ਨਾਲ ਮੇਰੀ ਮੁਲਾਕਾਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਦੋ ਨੰਬਰ ਹੋਸਟਲ ਵਿਚ ਜਗਜੀਤ ਸਿੰਘ ਬਰਾੜ ਦੇ ਕਮਰੇ ਵਿਚ ਹੋਈ । ਜਗਜੀਤ ਕਹਾਣੀਆਂ ਲਿਖਦਾ ਸੀ । ਉਸ ਦੀਆਂ ਪਹਿਲੀਆਂ ਕਹਾਣੀਆਂ ਨੇ ਹੀ ਪੰਜਾਬੀ ਪਾਠਕਾਂ ਵਿਚ ਚਰਚਾ ਛੇੜ ਦਿੱਤੀ ਸੀ । ਉਸ ਦੇ ਨਾਲ ਛੇੜ ਦਿੱਤੀ ਸੀ । ਉਸ ਨੇ ਨਾਲ ਦੇ ਕਮਰੇ ਵਿਚ ਕਰਮਜੀਤ ਮਿਨਹਾਸ ਰਹਿੰਦਾ ਸੀ । ਅਸੀਂ ਤਿੰਨਾਂ ਨੇ ਇਕੱਠਿਆਂ ਹੀ ਬੀ ਐਸ ਸੀ ਕੀਤੀ ਸੀ । ਨਤੀਜਾ ਆਉਂਦਿਆਂ ਹੀ ਸਾਨੂੰ ਸਰਕਾਰੀ ਨੌਕਰੀ ਮਿਲ ਗਈ ਸੀ । ਦੋ ਸਾਲ ਪਿੱਛੋਂ ਨੌਕਰੀ ਤੋਂ ਅਸਤੀਫਾ ਦੇ ਕੇ ਮੈਂ ਐਮ ਐਸ ਸੀ ਵਿਚ ਦਾਖਲਾ ਲੈ ਲਿਆ । ਇਕ ਦਿਨ ਅਚਾਨਕ ਕਾਲਜ ਵਿਚ ਉਨ੍ਹਾਂ ਦੋਵਾਂ ਨਾਲ ਮੁਲਾਕਾਤ ਹੋ ਗਈ । ਪਤਾ ਲੱਗਿਆ ਕਿ ਉਨ੍ਹਾਂ ਦੋਵਾਂ ਨੇ ਵੀ ਨੌਕਰੀ ਛੱਡ ਕੇ ਐਮ ਐਸ ਸੀ ਵਿਚ ਦਾਖਲਾ ਲਿਆ ਹੈ । ਮੈਂ ਪੀ ਜੀ ਹੋਸਟਲ ਵਿਚ ਰਹਿੰਦਾ ਸਾਂ ਅਤੇ ਉਹ ਦੋ ਨੰਬਰ ਹੋਸਟਲ ਵਿਚ ਰਹਿੰਦੇ ਸਨ ਪਰ ਹੁਣ ਸਾਡੀਆਂ ਬਕਾਇਦਗੀ ਨਾਲ ਮੁਲਾਕਾਤਾਂ ਹੋਣ ਲੱਗੀਆਂ । ਇਕ ਸ਼ਨੀਵਾਰ ਕਰਮਜੀਤ ਨੇ ਆਖਿਆ ਸ਼ਾਮ ਨੂੰ ਆਵੀਂ ਤੈਨੂੰ ਕਿਸੇ ਨਾਲ ਮਿਲਾਵਾਂਗੇ ।


ਸ਼ਾਮ ਨੂੰ ਜਦੋਂ ਮੈਂ ਉੱਥੇ ਗਿਆ ਤਾਂ ਇਕ ਜਾਣੀ ਪਹਿਚਾਣੀ ਸ਼ਕਲ ਵਾਲਾ ਨੌਜਵਾਨ ਸਰਦਾਰ ਬੈਠਾ ਸੀ । ਜਗਜੀਤ ਨੇ ਸਾਡੀ ਜਾਣ ਪਹਿਚਾਣ ਕਰਵਾਈ ਤੇ ਆਖਿਆ ਇਹ ਸ਼ਾਇਰ ਰਣਧੀਰ ਸਿੰਘ ਚੰਦ ਹੈ । ਮੈਂ ਆਖਿਆ ਸੁਰਤਾਲ ਮੈਂ ਬਕਾਇਦਗੀ ਨਾਲ ਪੜ੍ਹਦਾ ਹਾਂ । ਤੁਹਾਡੀਆਂ ਕਵਿਤਾਵਾਂ ਵੀ ਮੈਨੂੰ ਪਸੰਦ ਹਨ । ਇਕ ਵਾਰ ਤੁਸੀਂ ਮੇਰੀ ਵੀ ਇਕ ਕਵਿਤਾ ਛਾਪੀ ਸੀ । ਅੱਧੀ ਰਾਤ ਤਾਈਂ ਗੱਪਾਂ ਮਾਰਦੇ ਰਹੇ ਹੁਣ ਸਾਡੀ ਜਾਣ ਪਹਿਚਾਣ ਦੋਸਤੀ ਵਿਚ ਬਦਲ ਚੁੱਕੀ ਸੀ । ਅਗਲੇ ਹਫਤੇ ਉਹ ਫਿਰ ਆਇਆ । ਉਸੇ ਤਰ੍ਹਾਂ ਮਹਿਫਲ ਜੁੜੀ । ਕਰਮਜੀਤ ਨੇ ਆਪਣੀ ਪ੍ਰੇਮ ਕਹਾਣੀ ਸੁਣਾਈ ਤੇ ਆਖਣ ਲੱਗਾ ਇਸ ਨੂੰ ਆਪਣੇ ਮੈਗਜ਼ੀਨ ਵਿਚ ਛਾਪ । ਉਹ ਆਖਣ ਲੱਗਾ 'ਲਿਖ ਕੇ ਦੇਹ ਮੈਂ ਛਾਪ ਦੇਵਾਂਗਾ' । ''ਮੈਨੂੰ ਲਿਖਣਾ ਨਹੀਂ ਸੀ ਆਉਂਦਾ'' । ਕਰਮਜੀਤ ਦਾ ਉੱਤਰ ਸੀ । ਸਾਰਿਆਂ ਮੈਨੂੰ ਆਖਿਆ ਤੂੰ ਲਿਖ ਦੇਹ । ਮੈਂ ਪਹਿਲਾਂ ਕਦੇ ਕੋਈ ਕਹਾਣੀ ਲਿਖੀ ਨਹੀਂ ਸੀ । ਖੈਰ ਸਾਰਿਆਂ ਦੇ ਕਹਿਣ ਉੱਤੇ ਮੈਂ ਇਹ ਕਹਾਣੀ ਲਿਖੀ ਤੇ ਉਹ ਛਪ ਗਈ । ਇਸੇ ਤਰ੍ਹਾਂ ਸਿਲਸਿਲਾ ਚਲਦਾ ਰਿਹਾ । ਮੈਂ ਆਪ ਬੀਤੀਆਂ ਦੋ ਕਹਾਣੀਆਂ ਲਿਖੀਆਂ ਜਿਸ ਨੂੰ ਉਸ ਨੇ ਛਾਪਿਆ । ਸਾਡੀ ਯੂਨੀਵਰਸਿਟੀ ਦਾ ਯੁਵਕ ਮੇਲਾ ਆ ਗਿਆ । ਭਾਸ਼ਣ ਮੁਕਾਬਲੇ ਵਾਲੇ ਦਿਨ ਉਹ ਆਪਣੇ ਕਾਲਜ ਦੀ ਟੀਮ ਲੈ ਕੇ ਆਇਆ । ਸਟੇਜ ਮੈਂ ਸੰਭਾਲਣੀ ਸੀ । ਮੈਨੂੰ ਆਖਣ ਲੱਗਾ ਕਿ ਸਾਡੀ ਟੀਮ ਨੂੰ ਪਹਿਲਾਂ ਬੁਲਵਾ ਦੇਵੀਂ । ਪਰ ਸਾਡੇ ਪ੍ਰੋਫੈਸਰ ਇੰਚਾਰਜ ਨੇ ਫੈਸਲਾ ਕੀਤਾ ਕਿ ਇਸ ਦਾ ਫੈਸਲਾ ਲਾਟਰੀ ਰਾਹੀਂ ਕੀਤਾ ਜਾਵੇਗਾ । ਉਸ ਦੀ ਟੀਮ ਦੀ ਵਾਰੀ ਪਹਿਲਾਂ ਨਾ ਆ ਸਕੀ । ਉਹ ਮੇਰੇ ਨਾਲ ਗੁੱਸੇ ਹੋ ਗਿਆ । ਮੈਂ ਵਧੇਰੇ ਸਮਝਾਉਣ ਦਾ ਯਤਨ ਕੀਤਾ ਪਰ ਉਹ ਨਾ ਮੰਨਿਆ । ਮੈਂ ਸਾਰੀ ਘਟਨਾ ਜਗਜੀਤ ਤੇ ਕਰਮਜੀਤ ਨੂੰ ਦੱਸੀ । ਉਨ੍ਹਾਂ ਉਸ ਨੂੰ ਚਿੱਠੀ ਲਿਖੀ । ਖੈਰ ਅਗਲੇ ਹਫਤੇ ਉਹ ਆ ਗਿਆ ਸਾਡੀ ਸੁਲਾਹ ਕਰਵਾਈ ਗਈ । ਉਸ ਮੇਰੇ ਨਾਲ ਹੱਥ ਤਾਂ ਮਿਲਾ ਲਿਆ ਪਰ ਆਪਣੇ ਗੁੱਸੇ ਨੂੰ ਥੁੱਕ ਨਾ ਸਕਿਆ । ਮਹੀਨੇ ਪਿੱਛੋਂ ਹੀ ਸਾਡੀ ਡਿਗਰੀ ਪੂਰੀ ਹੋ ਗਈ ਅਤੇ ਹੋਸਟਲ ਛੱਡ ਦਿੱਤਾ । ਮੈਨੂੰ ਯੂਨੀਵਰਸਿਟੀ ਵਿਚ ਹੀ ਨੌਕਰੀ ਮਿਲ ਗਈ ।

ਜਗਜੀਤ ਛੇਤੀ ਹੀ ਅਮਰੀਕਾ ਚਲਾ ਗਿਆ ਅਤੇ ਕਰਮਜੀਤ ਇੰਗਲੈਂਡ ਪਹੁੰਚ ਗਿਆ । ਮੈਂ ਇਕ ਦੋ ਵਾਰ ਰਣਧੀਰ ਨੂੰ ਮਿਲਣ ਦਾ ਯਤਨ ਕੀਤਾ । ਪਰ ਸਾਡੇ ਸੰਬੰਧ ਪਹਿਲਾਂ ਵਰਗੇ ਨਾ ਹੋਏ । ਕੁਝ ਸਮੇਂ ਪਿੱਛੋਂ ਹੀ ਰਣਧੀਰ ਵੀ ਸੰਸਾਰ ਨੂੰ ਅਲਵਿਦਾ ਆਖ ਗਿਆ । ਸਾਡੀ ਚੌਹਾਂ ਦੀ ਚੌਕੜੀ ਹਮੇਸ਼ਾਂ ਲਈ ਵਿਖਰ ਗਈ ।

- ਡਾ. ਰਣਜੀਤ ਸਿੰਘ

**ਪੰਜਾਬ ਵਿਚ ਤਕਰੀਬਨ 220 ਲੱਖ ਟਨ ਝੋਨੇ ਦੀ ਪਰਾਲੀ ਪੈਦਾ ਹੁੰਦੀ ਹੈ, ਜਿਸ ਦਾ ਵੱਡਾ ਹਿੱਸਾ ਖੇਤਾਂ ਵਿਚ ਅੱਗ ਲਾ ਕੇ ਸਾੜ ਦਿੱਤਾ ਜਾਂਦਾ ਹੈ । ਝੋਨੇ ਦੇ ਪਰਾਲ ਵਿਚ ਵੱਡੀ ਮਾਤਰਾ ਵਿਚ ਫਸਲਾਂ ਲਈ ਜ਼ਰੂਰੀ ਖੁਰਾਕੀ ਤੱਤ ਮੌਜੂਦ ਹੁੰਦੇ ਹਨ ਅਤੇ ਪਰਾਲੀ ਸਾੜ੍ਹਨ ਨਾਲ ਕਈ ਤਰ੍ਹਾਂ ਦੇ ਹੋਰ ਨੁਕਸਾਨ ਵੀ ਹੁੰਦੇ ਹਨ ।**

# ਕਿਸਾਨ ਵੀਰੋ ! ਪਰਾਲੀ ਨਾ ਸਾੜੋ ਬਲਕਿ ਖੇਤ ਵਿਚ ਹੀ ਵਾਹੋ



ਕੁਲਵਿੰਦਰ ਕੌਰ ਗਿੱਲ, ਸੁਖਜੀਤ ਕੌਰ ਅਤੇ ਹਰਲੀਨ ਕੌਰ,
ਖੇਤੀ ਮੌਸਮ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 98553-85287

**ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿਚ ਯੋਗਦਾਨ** : ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਨਾਲ ਕਾਰਬਨ ਡਾਈਆਕਸਾਈਡ ਅਤੇ ਮੀਥੇਨ ਸਮੇਤ ਗ੍ਰੀਨਹਾਊਸ ਗੈਸਾਂ ਨਿਕਲਦੀਆਂ ਹਨ, ਜੋ ਗਲੋਬਲ ਵਾਰਮਿੰਗ ਅਤੇ ਜਲਵਾਯੂ ਤਬਦੀਲੀ ਵਿਚ ਯੋਗਦਾਨ ਪਾਉਂਦੀਆਂ ਹਨ ।


**ਹਵਾ ਦੀ ਗੁਣਵੱਤਾ ਵਿਚ ਗਿਰਾਵਟ** ; ਪਰਾਲੀ ਸਾੜਨ ਨਾਲ ਹਵਾ ਵਿਚ ਵੱਡੀ ਮਾਤਰਾ ਵਿਚ ਕਣ, ਕਾਰਬਨ ਡਾਇਆਕਸਾਈਡ, ਮੀਥੇਨ ਅਤੇ ਹੋਰ ਨੁਕਸਾਨਦੇਹ ਪ੍ਰਦੂਸ਼ਕ ਨਿਕਲਦੇ ਹਨ, ਜਿਸ ਨਾਲ ਹਵਾ ਦੀ ਗੁਣਵੱਤਾ ਤੇ ਵੀ ਅਸਰ ਪੈਂਦਾ ਹੈ । ਪਰਾਲੀ ਜਾਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਤੋਂ ਬਾਅਦ ਗਰਮੀ ਪੈਦਾ ਹੁੰਦਾ ਹੈ, ਜਿਸ ਦੇ ਨਤੀਜੇ ਵਜੋਂ ਨਮੀ ਅਤੇ ਲਾਭਦਾਇਕ ਰੋਗਾਣੂਆਂ ਦਾ ਨੁਕਸਾਨ ਹੁੰਦਾ ਹੈ ।

**ਪਾਣੀ ਦੀ ਗੁਣਵੱਤਾ ਸੰਬੰਧੀ ਚਿੰਤਾਵਾਂ** : ਸੜੇ ਹੋਏ ਖੇਤਾਂ ਵਿਚੋਂ ਨਿਕਲਣ ਵਾਲੀ ਸੁਆਹ ਅਤੇ ਪ੍ਰਦੂਸ਼ਕ ਪਾਣੀ ਦੇ ਸਰੋਤਾਂ ਵਿਚ ਮਿਲ ਕੇ ਪਾਣੀ ਦੀ ਗੁਣਵੱਤਾ ਨੂੰ ਘਟਾਉਂਦੇ ਹਨ । ਇਹ ਜਲ-ਜੀਵਨ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਇਨ੍ਹਾਂ ਜਲ ਸਰੋਤਾਂ 'ਤੇ ਨਿਰਭਰ ਵਾਤਾਵਰਣ ਪ੍ਰਣਾਲੀਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ ।

**ਮਿੱਟੀ ਦੀ ਸਿਹਤ ਸੰਬੰਧੀ ਕਮਜ਼ੋਰੀ** : ਪਰਾਲੀ ਸਾੜਨ ਨਾਲ ਫਸਲਾਂ ਦੀ ਰਹਿੰਦ-ਖੂੰਹਦ ਵਿਚ ਮੌਜੂਦ ਜ਼ਰੂਰੀ ਪੋਸ਼ਟਿਕ ਤੱਤ ਖਤਮ ਹੋ ਜਾਂਦੇ ਹਨ ਅਤੇ ਇਸ ਦੀ ਉਪਜਾਊ ਸ਼ਕਤੀ ਵੀ ਘੱਟਦੀ ਹੈ । ਇਕ ਟਨ ਪਰਾਲੀ ਸਾੜਨ ਨਾਲ 400 ਕਿਲੋ ਜੈਵਿਕ ਕਾਰਬਨ, 5.5 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ, 25 ਕਿਲੋ ਪੋਟਾਸ਼, 1.2 ਕਿਲੋ ਸਲਫਰ ਦਾ ਨੁਕਸਾਨ ਹੁੰਦਾ ਹੈ । ਇਹ ਲੰਬੇ ਸਮੇਂ ਦੀ ਖੇਤੀ ਉਤਪਾਦਕਤਾ ਅਤੇ ਸਥਿਰਤਾ ਨੂੰ ਪ੍ਰਭਾਵਿਤ ਕਰਦਾ ਹੈ ।

**ਘਟੀ ਹੋਈ ਜੈਵ ਵਿਭਿੰਨਤਾ** : ਪਰਾਲੀ ਸਾੜਨ ਤੋਂ ਪੈਦਾ ਹੋਈ ਤੀਬਰ ਗਰਮੀ ਮਿੱਟੀ ਵਿਚ ਰਹਿਣ ਵਾਲੇ ਸੂਖਮ ਜੀਵਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ । ਜਿਸ ਨਾਲ ਵਾਤਾਵਰਣ ਦਾ ਨਾਜ਼ੁਕ ਸੰਤੁਲਨ ਪ੍ਰਭਾਵਿਤ ਹੁੰਦਾ ਹੈ । ਜੈਵ ਵਿਭਿੰਨਤਾ ਵਿਚ ਗਿਰਾਵਟ ਦਾ ਕਾਰਨ ਬਣ ਸਕਦਾ ਹੈ ਜੋ ਕਿ ਇਕ ਸਿਹਤਮੰਦ ਵਾਤਾਵਰਣ ਲਈ ਮਹੱਤਵਪੂਰਨ ਕੁਦਰਤੀ ਪ੍ਰਕਿਰਿਆਵਾਂ ਵਿਚ ਵਿਘਨ ਪਾ ਸਕਦਾ ਹੈ ।

**ਸਿਹਤ ਦੇ ਜੋਖਮ** : ਪਰਾਲੀ ਸਾੜਨ ਦੌਰਾਨ ਪੈਦਾ ਹੋਣ ਵਾਲੇ ਧੂੰਏਂ ਵਿਚ ਹਾਨੀਕਾਰਕ ਪਦਾਰਥ ਹੁੰਦੇ ਹਨ ਜੋ ਮਨੁੱਖਾਂ ਅਤੇ ਜਾਨਵਰਾਂ ਦੋਵਾਂ ਦੀ ਸਿਹਤ ਲਈ ਖਤਰਾ ਪੈਦਾ ਕਰਦੇ ਹਨ । ਸਾਹ ਦੀਆਂ ਸਮੱਸਿਆਵਾਂ, ਐਲਰਜੀ ਅਤੇ ਅੱਖਾਂ ਦੀ ਜਲਣ ਆਮ ਸਿਹਤ ਸਮੱਸਿਆਵਾਂ ਹਨ ਜੋ ਛੱਡੇ ਗਏ ਪ੍ਰਦੂਸ਼ਕਾਂ ਦੇ ਸੰਪਰਕ ਵਿਚ ਆਉਣ ਦੀਆਂ ਹੁੰਦੀਆਂ ਹਨ ।



ਕਿਸਾਨ ਵੀਰੋ !

## ਪਰਾਲੀ ਨਾ ਸਾੜੋ

★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।
★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।
★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।
★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।
★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦਿਓ ।
★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਨਾਓ ।
★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।
★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।
★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।

## ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!
## ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!





# ਵੈਨਕੂਵਰ ਵਿੱਚ ਉਗਾਇਆ 5 ਕੁਇੰਟਲ 27 ਕਿਲੋ ਦਾ ਪੇਠਾ

ਕੈਨੇਡਾ ਦੇ ਸ਼ਹਿਰ ਵੈਨਕੂਵਰ ਨਿਵਾਸੀ ਅੰਗਰੇਜ਼ ਮਾਈਕੱਪੇਲੇ ਨੇ ਆਪਣੇ ਘਰ ਦੇ ਵਿਹੜੇ ਵਿੱਚ ਲਾਈ ਵਾੜ੍ਹੀ ਵਿੱਚ 1161 ਪੌਂਡ ਭਾਵ 5 ਕੁਇੰਟਲ 27 ਕਿਲੋ ਦਾ ਪੇਠਾ ਉਗਾਇਆ ਹੈ । ਮਾਈਕ ਨੇ ਆਪਣੇ ਘਰ ਦੀ ਵਾੜ੍ਹੀ ਵਿੱਚ ਮਈ ਵਿੱਚ ਪੇਠੇ ਦਾ ਬੀਜ ਬੀਜਿਆ ਸੀ ਅਤੇ ਪੇਠੇ ਦੀ ਵੇਲ ਵਾਸਤੇ ਖਾਦ, ਪਾਣੀ ਅਤੇ ਸਪਰੇਅ ਦਾ ਪੂਰਾ ਖਿਆਲ ਰੱਖਿਆ ਗਿਆ । ਪੇਠੇ ਨੂੰ ਗਰਮੀ ਅਤੇ ਧੁੱਪ ਤੋਂ ਬਚਾ ਕੇ ਰੱਖਣ ਲਈ ਪਲਾਸਟਿਕ ਪੇਪਰ ਦਾ ਸ਼ੈਡ ਬਣਾਇਆ ਗਿਆ । ਮਾਈਕ ਨੇ ਇਸ ਪੇਠੇ ਨੂੰ ਓਰੇਂਜੀਆ ਭਾਵ ਸੰਤਰੀ ਦਾ ਨਾਂਅ ਦਿੱਤਾ ਹੈ । ਇਹ ਪੇਠਾ ਕਰੇਨ ਨਾਲ ਚੁੱਕ ਕੇ ਇੱਕ ਵੱਡੇ ਕੰਡੇ 'ਤੇ ਤੋਲਿਆ ਗਿਆ । ਲੈਂਗਲੀ ਵਿਖੇ ਹੋਏ ਸੂਬਾਈ ਪੇਠਾ ਮੁਕਾਬਲਿਆਂ ਵਿੱਚ ਓਰੇਂਜੀਆ ਨੂੰ ਪਹਿਲਾ ਸਥਾਨ ਮਿਲਿਆ ਹੈ ਅਤੇ 160 ਡਾਲਰ ਨਕਦ ਇਨਾਮ ਮਿਲਿਆ ਹੈ । ਮਾਈਕ ਨੇ ਦੱਸਿਆ ਕਿ ਉਹ ਇਸ ਪੇਠੇ ਨੂੰ 31 ਅਕਤੂਬਰ ਨੂੰ ਹੈਲੋਵੀਨ ਵਾਲੇ ਦਿਨ ਵੈਨਕੂਵਰ ਦੇ ਡਨਬਰ ਇਲਾਕੇ ਵਿੱਚ ਸਥਿਤ ਆਪਣੇ ਘਰ ਅੱਗੇ ਰੱਖੇਗਾ ।